R.N.I Regd. No. PUNPUN/2023/88634
ਫ਼ੋਨ -01633-358364 (ਮੋ. 62803-56564)
ਸੋਮਵਾਰ, 11 ਨਵੰਬਰ - 2024
ਅੰਕ (Volume No.) 09
ਸਾਲ (Year) : 01
ਮੁੱਲ (Rate) : 04 ਰੁ.
ਪੰਨੇ (Pages) : 9

# ਪੰਜਾਬ ਦਾ ਖੁਲਾਸਾ

ਮੁੱਖ ਸੰਪਾਦਕ : ਮਨਪ੍ਰੀਤ ਸਿੰਘ
ਸ੍ਰੀ ਮੁਕਤਸਰ ਸਾਹਿਬ
Weekly PUNJAB DA KHULASA
www.punjabdakhulasa.com www. facbook.com/punjabdakhulasa E.mail.punjabdakhulasa1313@gmail.com

**ਪੱਤਰਕਾਰਾਂ ਦੀ ਲੋੜ**
40 ਮੁਕਤਿਆਂ ਦੀ ਪਵਿੱਤਰ ਧਰਤੀ ਸ੍ਰੀ ਮੁਕਤਸਰ ਸਾਹਿਬ ਤੋਂ ਪ੍ਰਕਾਸ਼ਿਤ ਹੋਏ ਨਵੇਂ ਅਖ਼ਬਾਰ
ਪੰਜਾਬ ਦਾ ਖੁਲਾਸਾ
ਨੂੰ ਵੱਖ-ਵੱਖ ਜਿਲ੍ਹਿਆਂ ਵਿਚੋਂ ਜਿਲ੍ਹਾ ਇੰਚਾਰਜ ਅਤੇ ਪੱਤਰਕਾਰਾਂ ਦੀ ਲੋੜ ਹੈ
ਸੰਪਰਕ
62803-56564


ਸੰਪਾਦਕ : ਅਸ਼ੋਕ ਭਾਰਦਵਾਜ
ਸਹਿ ਸੰਪਾਦਕ ਰਣਜੀਤ ਸਿੰਘ ਚੰਦੀ

## ਮਿਲੀ-ਭੁਗਤ ਨਾਲ ਨਿਸ਼ਾਨਦੇਹੀ ਨਾ ਹੋਣ ਕਾਰਨ ਹੋਲੀ-ਹੋਲੀ ਵੇਚੀ ਜਾ ਰਹੀ ਨਗਰ ਕੌਸਲ ਦੀ ਜਮੀਨ ਸਮੇਤ ਹੋਰ ਕਈ ਮਾਮਲਿਆ ਦੀ ਲਿਸਟ ਹੋਈ ਲੰਮੀ, ਨਗਰ ਕੌਸਲ ਨੇ ਧਾਰੀ ਚੁੱਪੀ

### ਨਗਰ ਕੌਸਲ ਦੀ ਹੱਦ ਅੰਦਰ ਕਈ ਜਗ੍ਹਾ ਹੋ ਰਹੀ ਨਜ਼ਾਇਜ ਉਸਾਰੀ, ਕੁੰਭਕਰਨੀ ਨੀਦ ਸੁੱਤਾ ਵਿਭਾਗ

ਪੰਜਾਬ ਦਾ ਖੁਲਾਸਾ

**ਸ਼੍ਰੀ ਮੁਕਤਸਰ ਸਾਹਿਬ**, 10 ਨਵੰਬਰ (ਮਨਪ੍ਰੀਤ ਮੋਨੂੰ) - ਨਗਰ ਕੌਸਲ ਸ਼੍ਰੀ ਮੁਕਤਸਰ ਸਾਹਿਬ ਦੇ ਕਾਰਨਾਮਿਆ ਨੂੰ ਤਕਰੀਬਨ ਹਰ ਕੋਈ ਜਾਣਦਾ ਹੈ ਅਤੇ ਮਿਲੀਭੁਗਤ ਕਰਕੇ ਕੰਮ ਕਰਨ ਨੂੰ ਪਹਿਲ੍ਹ ਦਿੰਦੇ ਆਮ ਹੀ ਦੇਖੇ ਜਾਂਦੇ ਹਨ ਪਰ ਫਿਰ ਵੀ ਸੀਨੀਅਰ ਅਧਿਕਾਰੀਆਂ ਵੱਲੋ ਕੋਈ ਵੀ ਕਾਰਵਾਈ ਨਹੀ ਕੀਤੀ ਜਾਂਦੀ। ਦੇਖਿਆ ਜਾਵੇ ਵੈਸੇ ਤਾਂ ਨਗਰ ਕੌਸਲ ਦਫਤਰ ਸ਼੍ਰੀ ਮੁਕਤਸਰ ਸਾਹਿਬ ਵੱਲੋਂ ਨਾ ਕੀਤੇ ਕੰਮਾਂ ਦੀ ਲਿਸਟ ਬਹੁਤ ਲੰਮੀ ਹੈ ਜੋਕਿ ਫਾਇਲਾਂ ‘ਚ ਧੂਲ ਫੱਕ ਰਹੀ ਹੈ, ਜਿਸ ਕਾਰਨ ਨਗਰ ਕੌਸਲ ਦਫਤਰ ਦੇ ਕੁਝ ਅਧਿਕਾਰੀ/ਕਰਮੀ ਮੁਫਤ ਦੀਆ ਤਨਖਾਹਾਂ ਲੈਂਦੇ ਪ੍ਰਤੀਤ ਹੋ ਰਹੇ ਹਨ। ਜੇਕਰ ਕੋਈ ਪੱਤਰਕਾਰ ਉਕਤ ਦਫਤਰ ਨਾਲ ਸਬੰਧਤ ਮੁੱਦਾ ਧਿਆਨ ‘ਚ ਲਿਆਉਂਦਾ ਹੈ ਤਾਂ ਤਦ ਵੀ ਕੋਈ ਕਾਰਵਾਈ ਨਹੀ ਕੀਤੀ ਜਾਦੀ। ਸ਼ਹਿਰ ‘ਚ ਕਈ ਥਾਵਾਂ ‘ਤੇ ਹੋ ਰਹੀ ਸ਼ਰੇਆਮ ਨਜ਼ਾਇਜ ਉਸਾਰੀ ਨਹੀ ਦਿਖਾਈ ਦੇ ਰਹੀ ਤਾਂ ਛੋਟੇ-ਮੋਟੇ ਕੰਮ ਕਿਵੇ ਦਿਖਾਈ ਦੇਣਗੇ ? ਇਸੇ ਕਾਰਨ ਹੀ ਨਗਰ ਕੌਸਲ ਦੀ ਜਮੀਨ ਵੀ ਮਿਲੀ-ਭੁਗਤ ਨਾਲ ਵੇਚੀ ਗਈ ਅਤੇ ਵੇਚੀ ਜਾ ਰਹੀ ਹੈ। ਬਿਨ੍ਹਾਂ ਨਕਸ਼ਾ ਪਾਸ ਕਰਵਾਏ ਸ਼ਹਿਰ ‘ਚ ਕਈ ਜਗ੍ਹਾ ‘ਤੇ ਦੁਕਾਨਾਂ ਦੀ ਉਸਾਰੀ ਹੋ ਰਹੀ ਹੈ। ਮਿਲੀ-ਭੁਗਤ ਨਾਲ ਨਗਰ ਕੌਸਲ ਦਫਤਰ ਵੱਲੋਂ ਮੱਝਾਂ-ਗਾਵਾਂ ਚਾਰਨ ਵਾਲੇ ਗੁੱਜ਼ਰਾਂ ਨੂੰ ਗਲੀ ‘ਤੇ ਹੀ ਕਬਜ਼ਾ ਕਰਵਾਇਆ ਹੋਇਆ ਹੈ। ਨਗਰ ਕੌਸਲ ਦਫਤਰ ਦੇ ਨਾਮ ‘ਤੇ ਜਮੀਨ ਦਰਜ ਹੋਏ ਨੂੰ 10 ਸਾਲ੍ਹਾਂ ਤੋਂ ਉੱਪਰ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਨਿਸ਼ਾਨਦੇਹੀ ਨਹੀ ਕਰਵਾਈ ਗਈ ਕਿਉਕਿ ਮਿਲੀ-ਭੁਗਤ ਨਾਲ ਵੇਚਿਆ ਜਾ ਸਕੇ ? ਸ਼ਹਿਰ ਦੇ ਮਲੋਟ ਰੋਡ ਅਤੇ ਬਠਿੰਡਾ ਰੋਡ ‘ਤੇ ਸ਼ਰੇਆਮ ਬਿਨ੍ਹਾਂ ਪਾਰਕਿੰਗ ਦੀ ਜਗ੍ਹਾ ਛੱਡੇ ਦੁਕਾਨਾਂ ਦੀ ਉਸਾਰੀ ਕਰ ਲਈ ਗਈ ਅਤੇ ਜਦ ਟ੍ਰੈਫਿਕ ਦੀ ਸਮੱਸਿਆ ਹੁੰਦੀ ਹੈ ਤਾਂ ਗੋਗਲੂਆਂ ਤੋਂ ਮਿੱਟੀ ਝਾੜ੍ਹਣ ਲਈ ਆਮ ਦੁਕਾਨਦਾਰਾਂ ਸਮਾਨ ਚੁੱਕ ਕੇ ਤੰਗ ਪ੍ਰੇਸ਼ਾਨ ਕੀਤਾ ਜਾਦਾ ਹੈ। ਕੱਚਾ ਉਦੇਕਰਨ ਰੋਡ ਤੇ ਪੰਜ ਦੁਕਾਨਾਂ ਦੀ ਉਸਾਰੀ ਹੋ ਰਹੀ ਹੈ। ਡੀ.ਸੀ.ਦਫਤਰ ਦੇ ਨਜ਼ਦੀਕ ਕੱਟੀ ਜਾ ਰਹੀ ਕਲੋਨੀ ਦੇ ਨਕਸ਼ੇ ‘ਚ ਬੈਕਸਾਇਡ ਬਾਈਪਾਸ ਦਿਖਾਇਆ ਗਿਆ ਹੈ ਜਦ ਕਿ ਉਕਤ ਜਗ੍ਹਾ ‘ਤੇ ਖੇਤ ਹਨ। ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਉਕਤ ਕਿਸੇ ਹੋਰ ਜਗ੍ਹਾ ਦਾ ਨਕਸ਼ਾ ਹੈ। ਇਸ ਮਾਮਲਿਆ ਸਬੰਧੀ ਕਈ ਵਾਰ ਖਬਰਾ ਪ੍ਰਕਾਸ਼ਿਤ ਕਰਕੇ ਪ੍ਰਸ਼ਾਸ਼ਨ ਨੂੰ ਜਾਣਕਾਰੀ ਦਿੱਤੀ ਜਾ ਚੁੱਕੀ ਹੈ ਪਰ ਕਾਫੀ ਸਮਾ ਬੀਤ ਜਾਣ ਦੇ ਬਾਵਜੂਦ ਵੀ ਕੋਈ ਕਾਰਵਾਈ ਨਹੀ ਕੀਤੀ ਗਈ। ਨਗਰ ਕੌਸਲ ਦੇ ਅਧਿਕਾਰੀਆ ਅਤੇ ਭ੍ਰਿਸ਼ਟਾਚਾਰੀਆਂ ਦੀ ਆਪਸੀ ਮਿਲੀ-ਭੁਗਤ ਦੇ ਚਰਚੇ ਆਮ ਹੀ ਹੋ ਰਹੇ ਹਨ ਪਰ ਇਸ ਦੀ ਗੂੰਜ ਪ੍ਰਸ਼ਾਸ਼ਨ ਦੇ ਕੰਨਾਂ ਤੱਕ ਅੱਜ ਤੱਕ ਵੀ ਨਹੀ ਪਹੁੰਚੀ ? ਪ੍ਰਸ਼ਾਸ਼ਨ ਦੇ ਕੁਝ ਅਧਿਕਾਰੀਆ ਨੂੰ ਬਣਦਾ ਹਿੱਸਾ ਸਮੇਂ ਸਿਰ ਪਹੁੰਚਾ ਦਿੱਤਾ ਜਾਂਦਾ ਹੈ ਜਾ ਫਿਰ ਵੀ ਕੰਨਾਂ ਤੱਕ ਅਵਾਜ ਨਹੀ ਪਹੁੰਚਦੀ, ਇਸ ਜਾਂਚ ਦਾ ਵਿਸ਼ਾ ਹੈ। ਇਸੇ ਤਰ੍ਹਾਂ ਨਗਰ ਕੌਸਲ ਦੀ ਹੱਦ ਬਰਕੰਦੀ ਰੋਡ ਸ਼ੈਲਰ ਦੇ ਕੋਲ ਮੱਝਾਂ-ਗਾਵਾਂ ਚਾਰਨ ਵਾਲੇ ਗੁੱਜ਼ਰ ਪਿਛਲੇ ਕਾਫੀ ਸਮੇਂ ਤੋਂ ਬੈਠੇ ਹਨ। ਉਨ੍ਹਾਂ ਵੱਲੋਂ ਗਲੀ ‘ਤੇ ਕਬਜ਼ਾ ਕਰਨ ਦੇ ਨਾਲ-ਨਾਲ ਜਦ ਆਪਣਾ ਮਾਲ ਡੰਗਰ ਬਾਹਰ ਸੜ੍ਹਕਾਂ ‘ਤੇ ਲੈ ਕੇ ਨਿਕਲਦੇ ਹਨ ਤਾਂ ਰਾਹਗੀਰਾਂ ਅਤੇ ਮੁਹੱਲਾ ਵਾਸੀਆਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਦੇ ਨਾਮ ਹੀ ਮਾਲ-ਡੰਗਰ ਸੜ੍ਹਕ ਤੋਂ ਲੰਘ ਜਾਣ ਮਗਰੋ ਸੜ੍ਹਕਾਂ/ਗਲੀਆਂ ਦਾ ਹਾਲ ਗੋਹੇ, ਚਿੱਕੜ੍ਹ ਆਦਿ ਨਾਲ ਬਹੁਤ ਜਿਆਦਾ ਮਾੜ੍ਹਾ ਹੋ ਜਾਂਦਾ ਹੈ। ਜਿਸ ਕਾਰਨ ਮੁਹੱਲਾ ਵਾਸੀਆਂ ਨੂੰ ਪੈਦਲ ਬਾਹਰ ਨਿਕਲਣਾ ਵੀ ਦੁੱਭਰ ਹੋ ਜਾਂਦਾ ਹੈ। ਜਦ ਇਸ ਸਬੰਧੀ ਨਗਰ ਕੌਸਲ ਦੇ ਅਧਿਕਾਰੀ ਈ.ਓ ਮੁਕੇਸ਼ ਸਿੰਗਲਾਂ ਨੂੰ ਉਨ੍ਹਾਂ ਦੇ ਮੋਬਾਇਲ ਨੰਬਰ 94162-67106 ‘ਤੇ ਗੱਲਬਾਤ ਕਰਨੀ ਚਾਹੀ ਤਾਂ ਉਨ੍ਹਾਂ ਫੋਨ ਚੁੱਕਣਾ ਜਰੂਰੀ ਨਹੀ ਸਮਝਿਆ। ਮੁਹੱਲਾ ਵਾਸੀਆਂ ਨੇ ਪ੍ਰਸ਼ਾਸ਼ਨ ਨੂੰ ਅਪੀਲ ਕੀਤੀ ਕਿ ਇਸ ਮਾਮਲਿਆ ਵੱਲ ਖਾਸ ਤੌਰ ‘ਤੇ ਧਿਆਨ ਦੇ ਹੱਲ ਕੀਤਾ ਜਾਵੇ।








**ਸ਼ਹਿਰ ਦੇ ਬਰਕੰਦੀ ਰੋਡ ‘ਤੇ ਉਕਤ ਵਿਅਕਤੀਆਂ ਵੱਲੋਂ ਕੀਤਾ ਹੋਇਆ ਗਲੀ ‘ਤੇ ਕਬਜ਼ਾ ਫਿਰ ਵੀ ਕਾਰਵਾਈ ਕਰਨ ਤੋਂ ਕੰਨੀ ਕਤਰਾ ਰਿਹਾ ਨਗਰ ਕੌਸਲ ਦਫਤਰ**

## ਰੰਗ ‘ਚ ਪੈ ਗਿਆ ਭੰਗ ; ਵਿਆਹ ‘ਚ ਵਿਦਾਈ ਸਮੇਂ ਹੋ ਗਏ ਫਾਇਰ, ਲਾੜੀ ਦੇ ਮੱਥੇ ‘ਚ ਜਾ ਵੱਜੀ ਗੋਲੀ

ਪੰਜਾਬ ਦਾ ਖੁਲਾਸਾ

ਫਿਰੋਜ਼ਪੁਰ - ਫਿਰੋਜ਼ਪੁਰ ਤੋਂ ਇਕ ਸਨਸਨੀਖੇਜ਼ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੋਂ ਦੇ ਪਿੰਡ ਖਾਈ ਫੇਮੇ ਕੀ ਵਿਖੇ ਪੈਲੇਸ ਵਿੱਚ ਵਿਆਹ ਹੋਣ ਦੇ ਬਾਅਦ ਜਦੋਂ ਲੜਕੀ ਦੀ ਵਿਦਾਈ ਹੋਣ ਲੱਗੀ ਤਾਂ ਕਿਸੇ ਨੇ ਗੋਲੀ ਚਲਾ ਦਿੱਤੀ, ਜੋ ਕਿ ਲਾੜੀ ਦੇ ਮੱਥੇ ਵਿੱਚ ਲੱਗੀ। ਲਾੜੀ ਨੂੰ ਗੰਭੀਰ ਹਾਲਤ ‘ਚ ਫਿਰੋਜ਼ਪੁਰ ਸ਼ਹਿਰ ਦੇ ਅਨਿਲ ਬਾਗੀ ਹਸਪਤਾਲ ‘ਚ ਦਾਖ਼ਲ ਕਰਵਾਇਆ ਗਿਆ ਹੈ, ਜਿੱਥੇ ਉਸ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਮੌਕੇ ‘ਤੇ ਪਹੁੰਚੇ ਡੀ.ਐੱਸ.ਪੀ. ਸੁਖਵਿੰਦਰ ਸਿੰਘ ਅਤੇ ਥਾਣਾ ਸਦਰ ਫਿਰੋਜ਼ਪੁਰ ਦੇ ਐੱਸ.ਐੱਚ.ਓ. ਇੰਸਪੈਕਟਰ ਜਸਵੰਤ ਸਿੰਘ ਨੇ ਦੱਸਿਆ ਕਿ ਬਲਜਿੰਦਰ ਕੌਰ (25) ਪੁੱਤਰੀ ਬਾਜ ਸਿੰਘ ਵਾਸੀ ਪਿੰਡ ਹਸਣ ਢੁੱਟ ਦਾ ਅੱਜ ਵਿਆਹ ਸੀ ਅਤੇ ਜਦੋਂ ਪੈਲੇਸ ਵਿਚੋਂ ਲਾੜੀ ਦੀ ਡੋਲੀ ਜਾਣ ਲੱਗੀ ਤਾਂ ਕਿਸੇ ਨੇ ਗੋਲੀ ਚਲਾ ਦਿੱਤੀ, ਜੋ ਕਿ ਲਾੜੀ ਦੇ ਮੱਥੇ ਵਿੱਚ ਜਾ ਲੱਗੀ। ਉਨ੍ਹਾਂ ਦੱਸਿਆ ਕਿ ਲਾੜੀ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਬਾਰਾਤ ਜ਼ਿਲ੍ਹਾ ਤਰਨਤਾਰਨ ਦੇ ਪਿੰਡ ਸਰਹਾਲੀ ਤੋਂ ਆਈ ਸੀ।

ਡੀ.ਐੱਸ.ਪੀ. ਸੁਖਵਿੰਦਰ ਸਿੰਘ ਨੇ ਅੱਗੇ ਦੱਸਿਆ ਕਿ ਪੁਲਸ ਵੱਲੋਂ ਇਸ ਮਾਮਲੇ ਵਿੱਚ ਬਣਦੀ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਪਤਾ ਲਾਇਆ ਜਾ ਰਿਹਾ ਹੈ ਕਿ ਗੋਲੀ ਆਖ਼ਿਰ ਕਿਸ ਨੇ ਚਲਾਈ ਹੈ। ਇਲਾਜ ਕਰ ਰਹੇ ਹਸਪਤਾਲ ਦੇ ਡਾਕਟਰ ਨੇ ਦੱਸਿਆ ਕਿ ਲੜਕੀ ਦੀ ਹਾਲਤ ਅਜੇ ਵੀ ਨਾਜ਼ੁਕ ਬਣੀ ਹੋਈ ਹੈ।



## ਕੈਨੇਡੀਅਨ ਗੈਂਗਸਟਰ ਨੇ ਗਵਾਲੀਅਰ ‘ਚ ਕਰਵਾਇਆ ਸੀ ਜਸਵੰਤ ਸਿੰਘ ਗਿੱਲ ਦਾ ਕਤਲ, ਪੰਜਾਬ ਤੋਂ ਫੜੇ ਗਏ ਮੁਲਜ਼ਮ

ਪੰਜਾਬ ਦਾ ਖੁਲਾਸਾ

**ਚੰਡੀਗੜ੍ਹ**, 10 ਨਵੰਬਰ : ਪੰਜਾਬ ਪੁਲਿਸ ਨੇ ਇੱਕ ਵੱਡੀ ਕਾਮਯਾਬੀ ਹਾਸਲ ਕਰਦੇ ਹੋਏ ਕੈਨੇਡਾ ਸਥਿਤ ਗੈਂਗਸਟਰ ਅਰਸ਼ ਡੱਲਾ ਦੇ ਦੋ ਅਹਿਮ ਸਾਥੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਬਦਮਾਸ਼ ਫਰੀਦਕੋਟ ਵਿੱਚ ਗੁਰਪ੍ਰੀਤ ਸਿੰਘ ਹਰੀ ਨਾਂ ਦੇ ਕਤਲ ਵਿੱਚ ਸ਼ਾਮਲ ਸਨ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਮੁਲਜ਼ਮਾਂ ਨੇ ਡੱਲਾ ਦੇ ਕਹਿਣ ‘ਤੇ 7 ਨਵੰਬਰ ਨੂੰ ਮੱਧ ਪ੍ਰਦੇਸ਼ ਦੇ ਗਵਾਲੀਅਰ ਵਿੱਚ ਜਸਵੰਤ ਸਿੰਘ ਗਿੱਲ ਦਾ ਕਤਲ ਵੀ ਕੀਤਾ ਸੀ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਦੋਵੇਂ ਸ਼ੱਕੀ ਵਾਪਸ ਪੰਜਾਬ ਆ ਗਏ, ਜਿੱਥੇ ਉਨ੍ਹਾਂ ਨੂੰ ਖਰੜ ਨੇੜਿਓਂ ਫੜ ਲਿਆ ਗਿਆ। ਉਸਨੇ ਕਿਹਾ ਕਿ ਉਸਦੀ ਗ੍ਰਿਫ਼ਤਾਰੀ ਨੇ ਸੂਬੇ ਵਿੱਚ ਇੱਕ ਹੋਰ ਸੰਭਾਵਿਤ ਟਾਰਗੇਟ ਕਿਲਿੰਗ ਨੂੰ ਟਾਲ ਦਿੱਤਾ ਹੈ। ਬਦਮਾਸ਼ਾਂ ਕੋਲੋਂ ਦੋ ਅਤਿ ਆਧੁਨਿਕ ਹਥਿਆਰ ਵੀ ਬਰਾਮਦ ਹੋਏ ਹਨ। 8 ਨਵੰਬਰ ਨੂੰ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਦੇ ਨੈੱਟਵਰਕ ਨੂੰ ਵੱਡਾ ਝਟਕਾ ਦਿੰਦੇ ਹੋਏ, ਕਾਊਂਟਰ ਇੰਟੈਲੀਜੈਂਸ (ਸੀ.ਆਈ.) ਅੰਮ੍ਰਿਤਸਰ ਦੇ ਮੁਲਾਜ਼ਮਾਂ ਨੇ ਪੁਰਤਗਾਲ ਸਥਿਤ ਗੈਂਗਸਟਰ ਮਨਪ੍ਰੀਤ ਸਿੰਘ ਉਰਫ਼ ਮੰਨੂ ਘਨਸ਼ਾਮਪੁਰੀਆ ਦੇ ਦੋ ਸਾਥੀਆਂ ਨੂੰ ਗ੍ਰਿਫ਼ਤਾਰ ਕੀਤਾ, ਜਿਸ ਨਾਲ ਅਮਰੀਕਾ ਸਥਿਤ ਮੁੱਖ ਅਪਰਾਧੀ ਬਲਵਿੰਦਰ ਸਿੰਘ ਤੇ ਪ੍ਰਭਦੀਪ ਨੂੰ ਗ੍ਰਿਫ਼ਤਾਰ ਕੀਤਾ ਗਿਆ। ਪ੍ਰਭਦੀਪ ਸਿੰਘ ਨਾਲ ਉਨ੍ਹਾਂ ਦੇ ਸਬੰਧਾਂ ਦਾ ਖ਼ੁਲਾਸਾ ਹੋਇਆ ਹੈ। ਫੜੇ ਗਏ ਵਿਅਕਤੀਆਂ ਦੀ ਪਛਾਣ ਆਦਿਤਿਆ ਕਪੂਰ ਵਾਸੀ ਲਾਹੌਰੀ ਗੇਟ ਅੰਮ੍ਰਿਤਸਰ ਤੇ ਰਵਿੰਦਰ ਸਿੰਘ ਵਾਸੀ ਪਿੰਡ ਅਕਰਪੁਰਾ ਜ਼ਿਲ੍ਹਾ ਗੁਰਦਾਸਪੁਰ ਵਜੋਂ ਹੋਈ ਹੈ। ਪੁਲਿਸ ਟੀਮਾਂ ਨੇ ਇਨ੍ਹਾਂ ਦੇ ਕਬਜ਼ੇ ਵਿੱਚੋਂ ਚਾਰ ਹਥਿਆਰ ਵੀ ਬਰਾਮਦ ਕੀਤੇ ਹਨ, ਜਿਨ੍ਹਾਂ ਵਿੱਚ ਇੱਕ ਅਤਿ ਆਧੁਨਿਕ 9 ਐਮਐਮ ਦਾ ਗਲਾਕ ਪਿਸਤੌਲ, ਦੋ ਵਿਦੇਸ਼ੀ .30 ਬੋਰ ਦਾ ਪਿਸਤੌਲ ਤੇ ਇੱਕ 32 ਬੋਰ ਦਾ ਪਿਸਤੌਲ ਪੰਜ ਮੈਗਜ਼ੀਨ ਤੇ 14 ਕਾਰਤੂਸ ਸ਼ਾਮਲ ਹਨ। ਡੀਜੀਪੀ ਯਾਦਵ ਨੇ ਦੱਸਿਆ ਕਿ ਇੱਕ ਖ਼ੁਫ਼ੀਆ ਕਾਰਵਾਈ ਵਿੱਚ ਸੀਆਈ ਅੰਮ੍ਰਿਤਸਰ ਦੀਆਂ ਟੀਮਾਂ ਨੇ ਅੰਮ੍ਰਿਤਸਰ ਵਿੱਚ ਪਸ਼ੂ ਮੰਡੀ ਨੇੜੇ ਮਹਿਤਾ ਰੋਡ ‘ਤੇ ਇੱਕ ਵਿਸ਼ੇਸ਼ ਚੈਕ ਪੋਸਟ ਬਣਾਈ ਤੇ ਦੋ ਵਿਅਕਤੀਆਂ ਨੂੰ ਉਸ ਸਮੇਂ ਗ੍ਰਿਫ਼ਤਾਰ ਕੀਤਾ, ਜਦੋਂ ਉਹ ਆਪਣੇ ਮੋਟਰਸਾਈਕਲ ‘ਤੇ ਜਾ ਰਹੇ ਸਨ। ਉਸ ਨੇ ਦੱਸਿਆ ਕਿ ਪੁਲਿਸ ਟੀਮਾਂ ਨੇ ਉਸ ਦਾ ਮੋਟਰਸਾਈਕਲ ਵੀ ਜ਼ਬਤ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਕਪੂਰ ਖ਼ਿਲਾਫ਼ 12 ਅਪਰਾਧਿਕ ਮਾਮਲੇ ਦਰਜ ਹਨ ਤੇ ਉਹ ਅਮਰੀਕਾ ਸਥਿਤ ਅਪਰਾਧੀਆਂ ਬਲਵਿੰਦਰ ਸਿੰਘ ਉਰਫ ਡੌਨੀ ਬੱਲ ਤੇ ਪ੍ਰਭਦੀਪ ਸਿੰਘ ਦੇ ਨਿਰਦੇਸ਼ਾਂ ‘ਤੇ ਕਾਰਵਾਈ ਕਰ ਰਿਹਾ ਸੀ। ਇਹ ਦੋਵੇਂ ਗੈਂਗਸਟਰ ਗੋਪੀ ਘਨਸ਼ਾਮਪੁਰੀਆ ਦੇ ਭਰਾ ਮੰਨੂ ਘਨਸ਼ਾਮਪੁਰੀਆ ਦੇ ਕਰੀਬੀ ਸਾਥੀ



## ਪ੍ਰੋਫੈਸਰ ਤੇ 2 ਬੇਟੀਆਂ ਤੋਂ ਬਾਅਦ ਹੁਣ ਪਤਨੀ ਦੀ ਵੀ ਮੌਤ, ਕਾਰ ‘ਚ ਅੱਗ ਲੱਗਣ ਕਾਰਨ ਹੋਇਆ ਸੀ ਹਾਦਸਾ

ਪੰਜਾਬ ਦਾ ਖੁਲਾਸਾ

ਚੰਡੀਗੜ੍ਹ, 10 ਨਵੰਬਰ : ਚੰਡੀਗੜ੍ਹ-ਅੰਬਾਲਾ ਹਾਈਵੇ ‘ਤੇ 3 ਨਵੰਬਰ ਦੀ ਰਾਤ ਨੂੰ ਇਕ ਦਰਦਨਾਕ ਹਾਦਸਾ ਵਾਪਰਿਆ। ਸੈਕਟਰ-7 ਦਾ ਰਹਿਣ ਵਾਲੇ ਡਾਕਟਰ ਸੰਦੀਪ ਨਸੀਅਰ ਆਪਣੇ ਪਰਿਵਾਰ ਨਾਲ ਦੀਵਾਲੀ ਮਨਾ ਕੇ ਚੰਡੀਗੜ੍ਹ ਪਰਤ ਰਹੇ ਸਨ। ਸ਼ਾਹਬਾਦ ਨੇੜੇ ਅਚਾਨਕ ਉਨ੍ਹਾਂ ਦੀ ਕਾਰ ਨੂੰ ਅੱਗ ਲੱਗ ਗਈ ਤੇ ਪੂਰਾ ਪਰਿਵਾਰ ਕਾਰ ਦੇ ਅੰਦਰ ਹੀ ਫਸ ਗਿਆ। ਹਾਦਸਾ ਇੰਨਾ ਭਿਆਨਕ ਸੀ ਕਿ ਡਾਕਟਰ ਸੰਦੀਪ ਦੇ ਨਾਲ-ਨਾਲ ਉਨ੍ਹਾਂ ਦੀ 6 ਸਾਲ ਦੀ ਬੇਟੀ ਪਰੀ ਤੇ 10 ਸਾਲ ਦੀ ਬੇਟੀ ਖ਼ੁਸ਼ੀ ਦੀ ਮੌਤ ਹੋ ਗਈ।

ਹਾਦਸੇ ‘ਚ ਪ੍ਰੋਫੈਸਰ ਦੀ ਪਤਨੀ ਲਕਸ਼ਮੀ ਤੇ ਮਾਂ ਸੁਦੇਸ਼ ਗੰਭੀਰ ਜ਼ਖਮੀ ਹੋ ਗਏ। ਐਤਵਾਰ ਨੂੰ ਪੀਜੀਆਈ ‘ਚ ਇਲਾਜ ਦੌਰਾਨ ਲਕਸ਼ਮੀ ਦੀ ਵੀ ਮੌਤ ਹੋ ਗਈ। ਐਤਵਾਰ ਨੂੰ ਡਾਕਟਰ ਸੰਦੀਪ ਤੇ ਉਨ੍ਹਾਂ ਦੀਆਂ ਬੇਟੀਆਂ ਦੀ ਪ੍ਰਾਰਥਨਾ ਸਭਾ ਰੱਖੀ ਗਈ ਸੀ ਪਰ ਲਕਸ਼ਮੀ ਦੀ ਮੌਤ ਕਾਰਨ ਇਹ ਪ੍ਰੋਗਰਾਮ ਰੱਦ ਕਰ ਦਿੱਤਾ ਗਿਆ।

ਸੰਦੀਪ ਤੇ ਉਸ ਦੀਆਂ ਬੇਟੀਆਂ ਕਾਰ ‘ਚ ਪਿੱਛੇ ਬੈਠੀਆਂ ਸਨ ਜਿਸ ਨਾਲ ਉਨ੍ਹਾਂ ਦੀ ਮੌਤ ਹੋਈ। ਸਤੀਸ਼ ਕੁਮਾਰ ਗੱਡੀ ਚਲਾ ਰਿਹਾ ਸੀ। ਜਿਸ ਨੇ ਕਾਰ ਖੋਲ੍ਹਣ ਦੇ ਕਾਫੀ ਯਤਨ ਕੀਤੇ ਪਰ ਉਹ ਸਫਲ ਨਾ ਹੋ ਸਕਿਆ। ਜਦੋਂ ਤਕ ਕਾਰ ਦੇ ਦਰਵਾਜ਼ੇ ਖੁੱਲ੍ਹੇ ਉਸ ਦੇ ਪਰਿਵਾਰਕ ਮੈਂਬਰ ਪੂਰੀ ਤਰ੍ਹਾਂ ਅੱਗ ਦੀ ਲਪੇਟ ‘ਚ ਆ ਚੁੱਕੇ ਸਨ।

ਹਾਦਸੇ ਤੋਂ ਕੁਝ ਦਿਨ ਪਹਿਲਾਂ ਪੂਰਾ ਪਰਿਵਾਰ ਦੀਵਾਲੀ ਮਨਾਉਣ ਸੋਨੀਪਤ ਸਥਿਤ ਆਪਣੇ ਜੱਦੀ ਪਿੰਡ ਗਿਆ ਸੀ। ਵਾਪਸੀ ਦੇ ਸਫ਼ਰ ‘ਤੇ ਡਾਕਟਰ ਸੰਦੀਪ ਕਾਰ ਚਲਾ ਰਹੇ ਸਨ ਜਦਕਿ ਨਾਲ ਵਾਲੀ ਸੀਟ ‘ਤੇ ਉਨ੍ਹਾਂ ਦਾ ਭਰਾ ਸੁਸ਼ੀਲ ਬੈਠਾ ਸੀ। ਉਸ ਸਮੇਂ ਕਾਰ ‘ਚ ਉਨ੍ਹਾਂ ਦੇ ਭਰਾ ਤੋਂ ਇਲਾਵਾ ਉਨ੍ਹਾਂ ਦੀ ਪਤਨੀ ਤੇ 10 ਸਾਲ ਦਾ ਬੇਟਾ ਵੀ ਬੈਠੇ ਸਨ।



## ਦੋ ਕਿੱਲੋ ਹੈਰੋਇਨ ਸਮੇਤ ਤਿੰਨ ਤਸਕਰ ਕੀਤੇ ਕਾਬੂ; ਸਾਹਮਣੇ ਆਇਆ ਪਾਕਿਸਤਾਨ ਕੁਨੈਕਸ਼ਨ

ਪੰਜਾਬ ਦਾ ਖੁਲਾਸਾ

ਅੰਮ੍ਰਿਤਸਰ, 10 ਨਵੰਬਰ : ਪੁਲਿਸ ਨੇ ਐਤਵਾਰ ਸਵੇਰੇ ਮਹਾਨਗਰ ‘ਚ ਹੈਰੋਇਨ ਸਪਲਾਈ ਕਰਨ ਵਾਲੇ ਗਿਰੋਹ ਦੇ ਤਿੰਨ ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਹੈ। ਮੁਲਜ਼ਮਾਂ ਦੇ ਕਬਜ਼ੇ ‘ਚੋਂ ਦੋ ਕਿੱਲੋ ਹੈਰੋਇਨ ਬਰਾਮਦ ਕਰ ਕੇ ਮਾਮਲਾ ਦਰਜ ਕਰ ਲਿਆ ਗਿਆ ਹੈ। ਸੀਪੀ ਗੁਰਪ੍ਰੀਤ ਸਿੰਘ ਭੁੱਲਰ ਨੇ ਅਜੇ ਤਕ ਮੁਲਜ਼ਮਾਂ ਦੀ ਪਛਾਣ ਨਹੀਂ ਦੱਸੀ ਹੈ ਕਿਉਂਕਿ ਗਿਰੋਹ ਦੇ ਹੋਰ ਮੈਂਬਰਾਂ ਨੂੰ ਫੜਨ ਲਈ ਪੁਲਿਸ ਦਾ ਆਪ੍ਰੇਸ਼ਨ ਜਾਰੀ ਹੈ। ਸੀਪੀ ਨੇ ਦੱਸਿਆ ਕਿ ਤਿੰਨੋਂ ਮੁਲਜ਼ਮ ਸਾਈਕਲ ‘ਤੇ ਭਗਤਾਂਵਾਲਾ ਦਾਣਾ ਮੰਡੀ ਵੱਲ ਜਾ ਰਹੇ ਸਨ। ਇਸ ਆਧਾਰ ‘ਤੇ ਪੁਲਿਸ ਨੇ ਨਾਕਾਬੰਦੀ ਕਰ ਕੇ ਤਿੰਨਾਂ ਨੂੰ ਗ੍ਰਿਫ਼ਤਾਰ ਕਰ ਲਿਆ। ਤਲਾਸ਼ੀ ਦੌਰਾਨ ਉਨ੍ਹਾਂ ਦੇ ਕਬਜ਼ੇ ‘ਚੋਂ 2 ਕਿਲੋ ਹੈਰੋਇਨ ਬਰਾਮਦ ਹੋਈ। ਸੀਪੀ ਨੇ ਦੱਸਿਆ ਕਿ ਫੜੇ ਗਏ ਗਿਰੋਹ ਦੇ ਮੁਲਜ਼ਮ ਸਿੱਧੇ ਤੌਰ ‘ਤੇ ਪਾਕਿਸਤਾਨੀ ਸਮੱਗਲਰਾਂ ਨਾਲ ਜੁੜੇ ਹੋਏ ਹਨ।



## ਭਾਰਤ ‘ਚ ਕੈਨੇਡਾ ਹਾਈ ਕਮਿਸ਼ਨ ਦੇ ਬਾਹਰ ਵਧਾਈ ਗਈ ਸੁਰੱਖਿਆ

ਪੰਜਾਬ ਦਾ ਖੁਲਾਸਾ

ਨਵੀਂ ਦਿੱਲੀ, 10 ਨਵੰਬਰ - ਕੈਨੇਡਾ ‘ਚ ਹਿੰਦੂ ਮੰਦਰਾਂ ‘ਤੇ ਹਮਲਿਆਂ ਦੇ ਵਿਰੋਧ ‘ਚ ਇਕ ਹਿੰਦੂ-ਸਿੱਖ ਸੰਗਠਨ ਦੇ ਮੈਂਬਰਾਂ ਨੇ ਮਾਰਚ ਦੇ ਮੱਦੇਨਜ਼ਰ ਇੱਥੇ ਕੈਨੇਡਾ ਹਾਈ ਕਮਿਸ਼ਨ ਦੇ ਬਾਹਰ ਸੁਰੱਖਿਆ ਵਧਾ ਦਿੱਤੀ ਗਈ ਹੈ। ‘ਹਿੰਦੂ ਸਿੱਖ ਗਲੋਬਲ ਫੋਰਮ’ ਦੇ ਮੈਂਬਰ ਚਾਨਕੀਆਪੁਰੀ ਖੇਤਰ ‘ਚ ਹਾਈ ਕਮਿਸ਼ਨ ਵੱਲ ਮਾਰਚ ਕਰ ਰਹੇ ਹਨ। ਪੁਲਸ ਨੇ ਦੱਸਿਆ ਕਿ ਉਨ੍ਹਾਂ ਨੇ ਕਾਨੂੰਨ ਵਿਵਸਥਾ ‘ਚ ਕਿਸੇ ਤਰ੍ਹਾਂ ਦੀ ਗੜਬੜੀ ਨਾ ਹੋਵੇ, ਇਹ ਯਕੀਨੀ ਕਰਨ ਲਈ ਹਾਈ ਕਮਿਸ਼ਨ ਦੇ ਬਾਹਰ ਬੈਰੀਕੇਡ ਲਗਾ ਦਿੱਤੇ ਹਨ ਪਰ ਕੁਝ ਪ੍ਰਦਰਸ਼ਨਕਾਰੀਆਂ ਨੂੰ ਬੈਰੀਕੇਡ ਪਾਰ ਕਰਨ ਦੀ ਕੋਸ਼ਿਸ਼ ਕਰਦੇ ਦੇਖਿਆ ਗਿਆ।

ਪੁਲਸ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ,“ਅਸੀਂ ਵਿਰੋਧ ਮਾਰਚ ਦੇ ਸੱਦੇ ਤੋਂ ਬਾਅਦ ਕੈਨੇਡਾ ਦੇ ਹਾਈ ਕਮਿਸ਼ਨ ਦੇ ਬਾਹਰ ਐਡੀਸ਼ਨਲ ਫੋਰਸ ਤਾਇਨਾਤ ਕੀਤੀ ਹੈ ਅਤੇ ਬੈਰੀਕੇਡ ਲਗਾਏ ਹਨ।

ਕਿਸੇ ਨੂੰ ਵੀ ਕਾਨੂੰਨ ਵਿਵਸਥਾ ਦੀ ਉਲੰਘਣਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।“ ਕੈਨੇਡਾ ‘ਚ ਹਿੰਦੂ ਮੰਦਰਾਂ ਨੂੰ ਨਿਸ਼ਾਨਾ ਬਣਾ ਕੇ ਕਈ ਹਿੰਸਕ ਘਟਨਾਵਾਂ ਹੋਈਆਂ ਹਨ, ਸਭ ਤੋਂ ਤਾਜ਼ਾ ਘਟਨਾ ਚਾਰ ਨਵੰਬਰ ਨੂੰ ਬਰੈਂਪਟਨ ਦੇ ਇਕ ਮੰਦਰ ‘ਚ ਹੋਈ।



## ਪੰਜਾਬ ਦੇ ਇਸ ਗੁਰਦੁਆਰੇ ਦੇ ਪਵਿੱਤਰ ਸਰੋਵਰ ‘ਚ ਹਜ਼ਾਰਾਂ ਮੱਛੀਆਂ ਮਰੀਆਂ

ਪੰਜਾਬ ਦਾ ਖੁਲਾਸਾ

ਅੱਚਲ ਸਾਹਿਬ 10 ਨਵੰਬਰ- ਸ੍ਰੀ ਅਚਲੇਸ਼ਵਰ ਧਾਮ ਦੇ ਪਵਿੱਤਰ ਸਰੋਵਰ ‘ਚ ਹਜ਼ਾਰਾਂ ਮੱਛੀਆਂ ਮਰੀਆਂ ਮਿਲੀਆਂ ਹਨ। ਸਰੋਵਰ ‘ਚ ਮੱਛੀਆਂ ਮਰਨ ਦੀ ਘਟਨਾ ਦਾ ਪਤਾ ਲੱਗਦਿਆਂ ਹੀ ਸ੍ਰੀ ਅਚਲੇਸ਼ਵਰ ਧਾਮ ਅਤੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ‘ਚ ਹਫ਼ੜਾ-ਦਫ਼ੜੀ ਮੱਚ ਗਈ। ਨੌਵੀਂ ਦਸਵੀਂ ਦੇ ਜੋੜ ਮੇਲੇ ਦੇ ਪਹਿਲੇ ਦਿਨ ਜਿਉਂ ਹੀ ਸੰਗਤਾਂ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕਰਨ ਲਈ ਪੁੱਜੀਆਂ ਤਾਂ ਸਰੋਵਰ ‘ਚ ਮਰੀਆਂ ਮੱਛੀਆਂ ਤੈਰ ਰਹੀਆਂ ਸਨ ਜਿਸ ਨੂੰ ਲੈ ਕੇ ਸੰਗਤਾਂ ‘ਚ ਰੋਸ ਦੀ ਲਹਿਰ ਦੌੜ ਗਈ।

ਘਟਨਾ ਦੀ ਸੂਚਨਾ ਮਿਲਦਿਆਂ ਹੀ ਦਲਜੀਤ ਸਿੰਘ ਅਸਿਸਟੈਂਟ ਡਿਪਟੀ ਡਾਇਰੈਕਟਰ ਮੱਛੀ ਪਾਲਣ ਵਿਭਾਗ ਗੁਰਦਾਸਪੁਰ, ਤਹਿਸੀਲਦਾਰ ਬਟਾਲਾ ਅਭਿਸ਼ੇਕ ਵਰਮਾ, ਐੱਸ. ਐੱਚ. ਓ. ਰੰਗੜ ਨੰਗਲ ਗਗਨਦੀਪ ਸਿੰਘ ਅਤੇ ਹੋਰ ਅਧਿਕਾਰੀ ਮੌਕੇ ‘ਤੇ ਪੁੱਜ ਗਏ। ਇਸ ਮੌਕੇ ਸ੍ਰੀ ਅਚਲੇਸ਼ਵਰ ਧਾਮ ਮੰਦਰ ਟਰੱਸਟ ਦੇ ਮੁੱਖ ਸੇਵਾਦਾਰ ਪਵਨ ਕੁਮਾਰ ਪੰਮਾ ਅਤੇ ਹੋਰ ਸੰਗਤਾਂ ਹਾਜ਼ਰ ਸਨ।

ਮੌਕੇ ‘ਤੇ ਪੁੱਜੇ ਅਧਿਕਾਰੀਆਂ ਨੇ ਸਰੋਵਰ ਦੇ ਜਲ ਦੇ ਸੈਂਪਲ ਲੈ ਕੇ ਜਾਂਚ ਲਈ ਲੈਬੋਰਟਰੀ ‘ਚ ਭੇਜ ਦਿੱਤੇ ਹਨ।

ਅਸਿਸਟੈਂਟ ਡਾਇਰੈਕਟਰ ਗੁਰਦਾਸਪੁਰ ਮੱਛੀ ਪਾਲਣ ਵਿਭਾਗ ਦਲਜੀਤ ਸਿੰਘ ਅਤੇ ਤਹਿਸੀਲਦਾਰ ਅਭਿਸ਼ੇਕ ਵਰਮਾ ਨੇ ਦੱਸਿਆ ਕਿ ਮੌਸਮ ਦੀ ਤਬਦੀਲੀ ਕਾਰਨ ਮੱਛੀਆਂ ਮਰੀਆਂ ਹਨ। ਉਹਨਾਂ ਨੇ ਕਿਹਾ ਕਿ ਸਰੋਵਰ ਦਾ ਜਲ ਬਿਲਕੁਲ ਠੀਕ ਹੈ ਅਤੇ ਸੰਗਤਾਂ ਇਸ਼ਨਾਨ ਕਰ ਸਕਦੀਆਂ ਹਨ।



## ਸ਼ਮਸ਼ਾਨਘਾਟ ‘ਚੋਂ ਔਰਤ ਦੀਆਂ ਅਸਥੀਆਂ ਚੋਰੀ, ਲੋਕਾਂ ‘ਚ ਰੋਸ ਦੀ ਲਹਿਰ

ਪੰਜਾਬ ਦਾ ਖੁਲਾਸਾ

**ਫ਼ਾਜ਼ਿਲਕਾ** : ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਦੇ ਪਿੰਡ ਪੰਜਕੋਸੀ ਦੇ ਸ਼ਮਸ਼ਾਨਘਾਟ ਵਿੱਚੋਂ ਇੱਕ ਮ੍ਰਿਤਕ ਔਰਤ ਦੀਆਂ ਅਸਥੀਆਂ ਚੋਰੀ ਹੋ ਗਈਆਂ। ਇਸ ਮਾਮਲੇ ਦੀ ਸ਼ਿਕਾਇਤ ਥਾਣਾ ਖੂਈਆਂ ਸਰਵਰ ਪੁਲਿਸ ਨੂੰ ਦਿੱਤੀ ਗਈ ਸੀ ਪਰ ਇੱਕ ਹਫ਼ਤੇ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਕਾਰਵਾਈ ਨਾ ਹੋਣ ਕਾਰਨ ਲੋਕਾਂ ਵਿੱਚ ਰੋਸ ਹੈ। ਪਿੰਡ ਪੰਜਕੋਸੀ ਦੇ ਵਸਨੀਕ ਪ੍ਰਦੀਪ ਕੁਮਾਰ ਨੇ ਦੱਸਿਆ ਕਿ ਉਸ ਦੀ ਮਾਤਾ ਕਮਲਾ ਦੇਵੀ ਦੀ ਮੌਤ ਹੋ ਗਈ ਸੀ।

ਉਸ ਨੇ ਪਿੰਡ ਦੇ ਹੀ ਸ਼ਮਸ਼ਾਨਘਾਟ ਵਿੱਚ ਅੰਤਿਮ ਸੰਸਕਾਰ ਕੀਤਾ। ਅਗਲੇ ਦਿਨ ਸ਼ਨੀਵਾਰ ਹੋਣ ਕਾਰਨ ਉਸ ਨੇ ਫੁੱਲ ਚੁਗਣੇ ਸਨ ਪਰ ਉਸ ਨੂੰ ਪਿੰਡ ਦੀ ਸ਼ਾਰਦਾ ਦੇਵੀ ਨੇ ਸੂਚਨਾ ਦਿੱਤੀ ਕਿ ਉਸ ਦੀ ਮਾਤਾ ਦੀਆਂ ਅਸਥੀਆਂ ਉਸ ਦੇ ਘਰ ਦੇ ਬਾਹਰ ਪਈਆਂ ਹਨ। ਜਿਸ ਕਾਰਨ ਉਸ ਨੂੰ ਪਤਾ ਲੱਗਾ ਕਿ ਉਸ ਦੀ ਮਾਂ ਦੀਆਂ ਅਸਥੀਆਂ ਸ਼ਮਸ਼ਾਨਘਾਟ ਤੋਂ ਚੋਰੀ ਹੋਣ ਦਾ ਸ਼ੱਕ ਹੈ।ਜਦੋਂ ਪ੍ਰਦੀਪ ਕੁਮਾਰ ਤੋਂ ਪੁੱਛਗਿੱਛ ਕੀਤੀ ਗਈ ਤਾਂ ਵਿਨੋਦ ਸੁਥਾਰ ਨਾਂ ਦੇ ਵਿਅਕਤੀ ਨੇ ਦੱਸਿਆ ਕਿ ਉਸ ਨੇ ਇਕ ਔਰਤ ਦੇ ਕਹਿਣ ‘ਤੇ ਉਕਤ ਇਲਾਕੇ ਦੇ ਸੰਤ ਨਗਰ ਗਲੀ ਨੰਬਰ 3 ਦੇ ਰਹਿਣ ਵਾਲੇ ਕਥਿਤ ਤਾਂਤਰਿਕ ਰਾਕੇਸ਼ ਕੁਮਾਰ ਨੂੰ ਆਪਣੇ ਲੜਕੇ ‘ਤੇ ਜਾਦੂ-ਟੂਣਾ ਕਰਵਾਉਣ ਲਈ ਲਿਆ ਸੀ।

ਕਿਉਂਕਿ ਉਸਦਾ ਪੁੱਤਰ ਆਪਣੀ ਸਾਰੀ ਕਮਾਈ ਸ਼ਾਰਦਾ ਦੇਵੀ ਨੂੰ ਦਿੰਦਾ ਹੈ। ਮਾਮਲੇ ਦਾ ਪਤਾ ਲੱਗਦਿਆਂ ਹੀ ਉਸ ਨੇ ਥਾਣਾ ਖੂਈਆਂ ਸਰਵਰ ਵਿਖੇ ਸ਼ਿਕਾਇਤ ਦਰਜ ਕਰਵਾ ਕੇ ਅਸਥੀਆਂ ਚੋਰੀ ਕਰਨ ਅਤੇ ਕਥਿਤ ਤਾਂਤਰਿਕ ਖਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ।ਪਿੰਡ ਦੇ ਸਰਪੰਚ ਸੱਜਣ ਪੂਨੀਆ, ਸਾਬਕਾ ਸਰਪੰਚ ਮਹਿੰਦਰ ਖੈਰਵਾ ਅਤੇ ਇੱਕ ਸ਼ਰਵਨ ਜਾਖੜ ਨੇ ਇਸ ਮਾਮਲੇ ਦੀ ਨਿਖੇਧੀ ਕਰਦਿਆਂ ਕਿਹਾ ਕਿ ਮ੍ਰਿਤਕ ਦੀਆਂ ਅਸਥੀਆਂ ਦੀ ਸ਼ਰੇਆਮ ਬੇਅਦਬੀ ਕੀਤੀ ਗਈ ਹੈ। ਇਸ ਲਈ ਜੇਕਰ ਪੁਲਸ ਨੇ ਜਲਦ ਹੀ ਦੋਸ਼ੀਆਂ ਖਿਲਾਫ ਕੋਈ ਕਾਰਵਾਈ ਨਾ ਕੀਤੀ ਤਾਂ ਲੋਕ ਕੋਈ ਵੱਡਾ ਕਦਮ ਚੁੱਕਣ ਲਈ ਮਜਬੂਰ ਹੋਣਗੇ। ਜਿਸ ਦੀ ਜਿੰਮੇਵਾਰੀ ਪੁਲਿਸ ਪ੍ਰਸ਼ਾਸਨ ਦੀ ਹੋਵੇਗੀ।



## ਰੇਲਵੇ ਮਨਿਸਟਰ ਮੇਰਾ ਬੇਲੀ ਹੈ ਤੇ ਗਿੱਦੜਬਾਹਾ ‘ਚ ਹੀ ਫਿਰਦਾ...ਮਨਪ੍ਰੀਤ ਬਾਦਲ ਵੰਡ ਰਹੇ ਨੌਜਵਾਨਾਂ ਨੂੰ ਨੌਕਰੀਆਂ



ਪੰਜਾਬ ਦਾ ਖੁਲਾਸਾ

**ਗਿੱਦੜਬਾਹਾ**, 10 ਨਵੰਬਰ ਭਾਰਤੀ ਜਨਤਾ ਪਾਰਟੀ ਦੇ ਗਿੱਦੜਬਾਹਾ ਤੋਂ ਉਮੀਦਵਾਰ ਮਨਪ੍ਰੀਤ ਬਾਦਲ ਦੀ ਸ਼ੋਸਲ ਮੀਡੀਆ ‘ਤੇ ਪਿੰਡ ਗੁਰੂਸਰ ਤੋਂ ਇੱਕ ਵੀਡੀਓ ਵਾਇਰਲ ਹੋਈ, ਜਿਸ ਵਿੱਚ ਮਨਪ੍ਰੀਤ ਬਾਦਲ ਇਹ ਕਹਿ ਰਹੇ ਹਨ ਕਿ ਉਹ 18 ਤੋਂ 23 ਸਾਲ ਦੇ ਨੌਜਵਾਨਾਂ ਨੂੰ ਨੌਕਰੀਆਂ ਲਗਵਾ ਦੇਣਗੇ। ਵੀਡੀਓ ‘ਚ ਮਨਪ੍ਰੀਤ ਬਾਦਲ ਬੀਐਸਐਫ, ਸੀਆਰਪੀ, ਫੌਜ ‘ਚ ਨੌਕਰੀ ਦੇਣ ਦੀ ਗੱਲ ਕਰ ਰਹੇ ਹਨ। ਉਹ ਰੇਲਵੇ ‘ਚ ਨੌਜਵਾਨਾਂ ਨੂੰ ਨੌਕਰੀ ‘ਤੇ ਲਗਵਾਉਣ ਦੀ ਗੱਲ ਕਰ ਰਹੇ ਹਨ ਤੇ ਕਹਿ ਰਹੇ ਹਨ ਕਿ ਰੇਲਵੇ ਮਨਿਸਟਰ ਗਿੱਦੜਬਾਹਾ ਹੀ ਫਿਰਦਾ ਹੈ, ਜੋ ਮੇਰਾ ਬੇਲੀ ਹੈ। ਉਹ ਕਹਿ ਰਹੇ ਹਨ ਕਿ ਪੀ ਆਰ ਟੀ ਸੀ ਦਾ ਐਮ ਡੀ ਵੀ ਮੇਰਾ ਬੇਲੀ ਹੈ, ਲਾਇਸੰਸ ਬਣਵਾ ਲਓ, ਕੰਡਕੈਟਰ ਲਗਵਾ ਦੇਵਾਂਗਾ। ਜਦੋਂ ਮੈਂ ਮੰਤਰੀ ਸੀ ਤਾਂ ਐਮ ਡੀ ਮੇਰੇ ਅਧੀਨ ਕੰਮ ਕਰਦਾ ਸੀ।

ਦੂਜੇ ਪਾਸੇ ਇਸ ਬਿਆਨ ਨਾਲ ਸਿਆਸੀ ਵਿਵਾਦ ਵੀ ਭਖ ਗਿਆ ਹੈ। ਕਾਂਗਰਸ ਦੇ ਸੂਬਾ ਪ੍ਰਧਾਨ ਰਾਜਾ ਵੜਿੰਗ ਕਹਿ ਰਹੇ ਹਨ ਕਿ ਅੱਗੇ ਮਨਪ੍ਰੀਤ ਬਾਦਲ ਨੇ ਕਿੰਨੀਆਂ ਕੁ ਨੌਕਰੀਆਂ ਦਿੱਤੀਆਂ ਹਨ। ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਕਿਹਾ ਕਿ ਜਦੋਂ ਮਨਪ੍ਰੀਤ ਬਾਦਲ ਸੱਤਾ ਦੀ ਪਾਵਰ ਵਿੱਚ ਸਨ, ਉਸ ਸਮੇਂ ਉਹਨਾਂ ਵੱਲੋਂ ਕਿੰਨੇ ਕੁ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਗਈਆਂ ਸਨ, ਉਹ ਦੱਸ ਦੇਣ। ਜਦੋਂ ਦੀ ਇਹ ਵੀਡੀਓ ਸੋਸ਼ਲ ਮੀਡੀਆ ਤੇ ਵਾਇਰਲ ਹੋਈ ਹੈ ਉਦੋਂ ਤੋਂ ਹੀ ਵੱਖ ਵੱਖ ਪਾਰਟੀਆਂ ਦੇ ਆਗੂਆਂ ਵੱਲੋਂ ਆਪਣੀ ਆਪਣੀ ਪ੍ਰਤੀਕਿਰਿਆ ਇਸ ਵੀਡੀਓ ਪ੍ਰਤੀ ਦਿੱਤੀ ਜਾ ਰਹੀ ਹੈ।

**ਵੀਡੀਓ ਹੋਈ ਵਾਇਰਲ, ਸਿਆਸੀ ਲੋਕਾਂ ਨੇ ਦਿੱਤੀ ਆਪਣੀ ਪ੍ਰਤੀਕਿਰਿਆ**

# ਸ਼ਹਿਰ ਦੀ ਅਨਾਜ ਮੰਡੀ ਵਿੱਚ ਨਗਰ ਕੌਂਸਲ ਦੀ ਜਮੀਨ ਤੇ ਹੋ ਰਹੇ ਕਬਜ਼ੇ ਦੀ ਵਿਜੀਲੈਂਸ ਜਾਂਚ ਦੀ ਮੰਗ

ਪੰਜਾਬ ਦਾ ਖੁਲਾਸਾ



## ਡਿਪਟੀ ਕਮਿਸ਼ਨਰ ਦੇ ਆਦੇਸ਼ਾਂ ਦੇ ਬਾਵਜੂਦ ਚੱਲ ਰਿਹਾ ਨਿਰਮਾਣ ਨਗਰ ਕੌਂਸਲ ਦੇ ਅਧਿਕਾਰੀਆਂ ਦੀ ਭੂਮਿਕਾ ਸ਼ੱਕੀ

**ਰਾਮਾ ਮੰਡੀ,9 ਨਵੰਬਰ, ਅਸ਼ੋਕ ਕੁਮਾਰ.** ਸ਼ਹਿਰ ਦੀ ਅਨਾਜ ਮੰਡੀ ਕੋਲ ਨਗਰ ਕੌਂਸਲ ਦੀ ਲੱਖਾਂ ਰੁਪਏ ਦੀ ਜਮੀਨ ਤੇ ਚੱਲ ਰਹੇ ਨਜਾਇਜ਼ ਕਬਜ਼ੇ ਦੀ ਸ਼ਹਿਰ ਨਿਵਾਸੀਆਂ ਨੇ ਵਿਜੀਲੈਂਸ ਜਾਂਚ ਦੀ ਮੰਗ ਕੀਤੀ ਹੈ ਦੱਸ ਦਈਏ ਕਿ ਇੱਕ ਦੁਕਾਨਦਾਰ ਵੱਲੋਂ ਨਗਰ ਕੌਂਸਲ ਵਿੱਚ ਛੁੱਟੀਆਂ ਦਾ ਫਾਇਦਾ ਉਠਾਉਂਦੇ ਹੋਏ ਅਕਤੂਬਰ ਮਹੀਨੇ ਦੇ ਅੰਤ ਵਿੱਚ ਨਗਰ ਕੌਂਸਲ ਦੀ ਜਮੀਨ ਉੱਪਰ ਦੁਕਾਨ ਦੀ ਉਸਾਰੀ ਸ਼ੁਰੂ ਕੀਤੀ ਗਈ ਸੀ ਅਤੇ ਛੱਤ ਵੀ ਪਾ ਦਿੱਤੀ ਗਈ ਸੀ ਜਿਸ ਤੋਂ ਬਾਅਦ 31 ਅਕਤੂਬਰ ਨੂੰ ਇਸ ਮਾਮਲੇ ਦੀ ਸ਼ਿਕਾਇਤ ਡਿਪਟੀ ਕਮਿਸ਼ਨਰ ਬਠਿੰਡਾ ਕੋਲ ਪਹੁੰਚਣ ਤੋਂ ਬਾਅਦ ਅਤੇ ਉਹਨਾਂ ਵੱਲੋਂ ਮਾਮਲੇ ਦੀ ਜਾਂਚ ਏਡੀਸੀ ਅਰਬਨ ਡਿਵੈਲਪਮੈਂਟ ਨੂੰ ਸੌਂਪ ਦਿੱਤੀ ਗਈ ਸੀ ਅਤੇ ਨਿਰਮਾਣ ਤੇ ਰੋਕ ਲਗਾ ਦਿੱਤੀ ਗਈ ਸੀ।ਜਿਸ ਤੋਂ ਬਾਅਦ ਨਗਰ ਕੌਂਸਲ ਦੇ ਵੱਲੋਂ ਉਕਤ ਦੁਕਾਨਦਾਰ ਨੂੰ ਇੱਕ ਨੋਟਿਸ ਜਾਰੀ ਕਰ ਦਿੱਤਾ ਗਿਆ ਸੀ ਅਤੇ ਉਕਤ ਜਗ੍ਹਾ ਨੂੰ ਖਾਲੀ ਕਰਨ ਅਤੇ ਅਵੈਧ ਨਿਰਮਾਣ ਨੂੰ ਨਸ਼ਟ ਕਰਨ ਦੇ ਆਦੇਸ਼ ਦਿੱਤੇ ਗਏ ਸਨ ਪਰ ਲਗਭਗ ਅੱਠ ਦਿਨ ਬੀਤ ਜਾਣ ਤੋਂ ਬਾਅਦ ਸ਼ੁਕਰਵਾਰ ਨੂੰ ਇੱਕ ਵਾਰ ਫਿਰ ਤੋਂ ਦੁਕਾਨਦਾਰ ਵੱਲੋਂ ਉਕਤ ਜਗਾ ਤੇ ਨਿਰਮਾਣ ਕਾਰਜ ਸ਼ੁਰੂ ਕਰ ਦਿੱਤਾ ਗਿਆ। ਜਿਸ ਤੋਂ ਬਾਅਦ ਨਗਰ ਕੌਂਸਲ ਦੇ ਅਧਿਕਾਰੀਆਂ ਦੀ ਭੂਮਿਕਾ ਵੀ ਸ਼ੱਕ ਦੇ ਦਾਇਰੇ ਵਿੱਚ ਆ ਗਈ ਹੈ ਕਿਉਂਕਿ ਨਗਰ ਕੌਂਸਲ ਦੇ ਅਧਿਕਾਰੀ ਲਗਭਗ 9 ਦਿਨ ਉਕਤ ਦੁਕਾਨਦਾਰ ਨੂੰ ਨੋਟਿਸ ਜਾਰੀ ਕਰਨ ਅਤੇ ਇਸ ਸੰਬੰਧ ਵਿੱਚ ਪੁਲਿਸ ਨੂੰ ਲਿਖਤੀ ਸ਼ਿਕਾਇਤ ਦੇਣ ਦੀ ਗੱਲ ਕਰਦੇ ਰਹੇ ਪਰ ਉਹਨਾਂ ਵੱਲੋਂ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ ਜਿਸ ਤਰੀਕੇ ਨਾਲ ਉਕਤ ਦੁਕਾਨਦਾਰ ਵੱਲੋਂ ਦਿਨ ਦਿਹਾੜੇ ਨਗਰ ਕੌਂਸਲ ਦੀ ਜਮੀਨ ਤੇ ਕਬਜ਼ਾ ਕੀਤਾ ਜਾ ਰਿਹਾ ਹੈ ਇਸ ਮਾਮਲੇ ਵਿੱਚ ਰਾਜਨੀਤਿਕ ਸ਼ਹਿ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਅਧਿਕਾਰੀਆਂ ਦੀ ਮਿਲੀ ਭਗਤ ਤੋਂ ਇਨਕਾਰ ਕੀਤਾ ਜਾ ਸਕਦਾ ਹੈ।

ਸ਼ਹਿਰ ਵਿੱਚ ਨਗਰ ਕੌਂਸਲ ਦੀ ਜਮੀਨ ਉੱਪਰ ਨਜਾਇਜ਼ ਕਬਜ਼ੇ ਅਤੇ ਨਗਰ ਕੌਂਸਲ ਅਧਿਕਾਰੀਆਂ ਵੱਲੋਂ ਨਜਾਇਜ਼ ਕਬਜ਼ੇ ਨੂੰ ਲੈ ਕੇ ਅੱਖਾਂ ਬੰਦ ਕਰਨ ਦਾ ਇਹ ਪਹਿਲਾਂ ਮਾਮਲਾ ਨਹੀਂ ਹੈ ਇਸ ਤੋਂ ਪਹਿਲਾਂ ਪਿਛਲੇ ਸਾਲ ਵੀ ਨਵੰਬਰ ਵਿੱਚ ਸਥਾਨਕ ਗਊਸ਼ਾਲਾ ਦੇ ਸਾਹਮਣੇ ਨਗਰ ਕੌਂਸਲ ਦੀ ਲੱਖਾਂ ਰੁਪਏ ਦੀ ਜਮੀਨ ਤੇ ਕਬਜ਼ੇ ਦੀ ਕੋਸ਼ਿਸ਼ ਕੀਤੀ ਗਈ ਸੀ ਅਤੇ ਇਸ ਸੰਬੰਧ ਵਿੱਚ ਨਗਰ ਕੌਂਸਲ ਵਿੱਚ ਇੱਕ ਮਤਾ ਵੀ ਪਾਸ ਕਰ ਦਿੱਤਾ ਗਿਆ ਸੀ ਪਰ ਮਾਮਲਾ ਡਿਪਟੀ ਕਮਿਸ਼ਨਰ ਬਠਿੰਡਾ ਅਤੇ ਵਿਜੀਲੈਂਸ ਵਿਭਾਗ ਕੋਲ ਪਹੁੰਚਣ ਅਤੇ ਉਹਨਾਂ ਦੀ ਘੁਰਕੀ ਤੋਂ ਬਾਅਦ ਉਕਤ ਕਬਜ਼ਾ ਰੁਕ ਗਿਆ ਸੀ। ਹੁਣ ਸ਼ਹਿਰ ਨਿਵਾਸੀਆਂ ਨੇ ਇਸ ਮਾਮਲੇ ਨੂੰ ਵੀ ਸ਼ੱਕੀ ਦੱਸਦੇ ਹੋਏ ਡਿਪਟੀ ਕਮਿਸ਼ਨਰ ਬਠਿੰਡਾ ਤੋਂ ਨਗਰ ਕੌਂਸਲ ਦੇ ਅਧਿਕਾਰੀਆਂ ਅਤੇ ਉਕਤ ਦੁਕਾਨਦਾਰ ਵਿਰੁੱਧ ਮਾਮਲਾ ਦਰਜ ਕਰਕੇ ਮਾਮਲੇ ਦੀ ਵਿਜੀਲੈਂਸ ਜਾਂਚ ਦੀ ਮੰਗ ਕੀਤੀ ਹੈ।

# ਖੱਤਰੀ ਸਭਾ ਰਜਿ. ਫਗਵਾੜਾ ਦੀ ਮਹਿਲਾ ਅਤੇ ਯੂਥ ਇਕਾਈ ਦਾ ਜਲਦ ਕੀਤਾ ਜਾਵੇਗਾ ਗਠਨ: ਬਜਾਜ/ਭੱਲਾ

## ਮੀਟਿੰਗ 'ਚ ਸਰਬਸੰਮਤੀ ਨਾਲ ਪ੍ਰਸਤਾਵ ਕੀਤਾ ਪਾਸ

ਪੰਜਾਬ ਦਾ ਖੁਲਾਸਾ



ਫਗਵਾੜਾ 10 ਨਵੰਬਰ ( ਪ੍ਰੀਤ ਕੌਰ ਪ੍ਰੀਤੀ ) ਖੱਤਰੀ ਸਭਾ ਰਜਿ. ਫਗਵਾੜਾ ਦੀ ਇਕ ਵਿਸ਼ੇਸ਼ ਮੀਟਿੰਗ ਸਭਾ ਦੇ ਉਪ ਪ੍ਰਧਾਨ ਦਵਿੰਦਰ ਭੱਲਾ ਦੀ ਪ੍ਰਧਾਨਗੀ ਹੇਠ ਬੰਗਾ ਰੋਡ ਸਥਿਤ ਦਫ਼ਤਰ ਵਿਖੇ ਹੋਈ। ਜਿਸ ਵਿਚ ਸਭਾ ਦੇ ਪ੍ਰਧਾਨ ਮਦਨ ਮੋਹਨ ਬਜਾਜ (ਗੁੱਡ) ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਮੈਂਬਰਾਂ ਨੇ ਸਭਾ ਦੇ ਵਿਸਥਾਰ ਲਈ ਲੋੜੀਂਦੇ ਕਦਮਾਂ ਸਬੰਧੀ ਆਪਣੇ ਵਿਚਾਰ ਪ੍ਰਗਟ ਕੀਤੇ। ਜਿਸ ਤੋਂ ਬਾਅਦ ਸਰਬਸੰਮਤੀ ਨਾਲ ਖੱਤਰੀ ਸਭਾ ਦਾ ਯੂਥ ਵਿੰਗ ਅਤੇ ਮਹਿਲਾ ਵਿੰਗ ਬਣਾਉਣ ਦਾ ਫੈਸਲਾ ਕੀਤਾ ਗਿਆ। ਜਿਸ 'ਤੇ ਪ੍ਰਧਾਨ ਮਦਨ ਮੋਹਨ ਬਜਾਜ ਨੇ ਮੈਂਬਰਾਂ ਨੂੰ ਅਗਲੇ ਤਿੰਨ ਦਿਨਾਂ 'ਚ ਯੂਥ ਪ੍ਰਧਾਨ ਅਤੇ ਮਹਿਲਾ ਪ੍ਰਧਾਨ ਦੇ ਨਾਮ ਪ੍ਰਸਤਾਵਿਤ ਕਰਨ ਦੀ ਅਪੀਲ ਕੀਤੀ। ਜਿਸ 'ਤੇ ਮੈਂਬਰਾਂ ਨੇ ਸਹਿਮਤੀ ਪ੍ਰਗਟਾਈ। ਮੀਟਿੰਗ ਉਪਰੰਤ ਗੱਲਬਾਤ ਕਰਦਿਆਂ ਪ੍ਰਧਾਨ ਗੁਡ ਬਜਾਜ ਅਤੇ ਮੀਤ ਪ੍ਰਧਾਨ ਦਵਿੰਦਰ ਭੱਲਾ ਨੇ ਕਿਹਾ ਕਿ ਜਿਸ ਤਰ੍ਹਾਂ ਸਮਾਜ ਦੀ ਤਰੱਕੀ ਲਈ ਯੁਵਾ ਸ਼ਕਤੀ ਅਤੇ ਨਾਰੀ ਸ਼ਕਤੀ ਦੀ ਬਹੁਤ ਲੋੜ ਹੁੰਦੀ ਹੈ, ਉਸੇ ਤੋਂ ਪ੍ਰੇਰਨਾ ਲੈ ਕੇ ਸਭਾ ਦੇ ਵਿਸਥਾਰ ਅਤੇ ਤਾਕਤ ਵਧਾਉਣ ਦੇ ਉਦੇਸ਼ ਨਾਲ ਯੂਥ ਵਿੰਗ ਅਤੇ ਮਹਿਲਾ ਵਿੰਗ ਦਾ ਗਠਨ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜਲਦੀ ਹੀ ਅਗਲੀ ਮੀਟਿੰਗ ਬੁਲਾਈ ਜਾਵੇਗੀ।

ਜਿਸ ਵਿੱਚ ਯੂਥ ਪ੍ਰਧਾਨ ਅਤੇ ਮਹਿਲਾ ਪ੍ਰਧਾਨ ਦੇ ਨਾਵਾਂ ਦਾ ਐਲਾਨ ਕਰਕੇ ਉਨ੍ਹਾਂ ਨੂੰ ਕਾਰਜਕਾਰਨੀ ਗਠਿਤ ਕਰਨ ਦੇ ਅਧਿਕਾਰ ਦਿੱਤੇ ਜਾਣਗੇ। ਇਸ ਮੌਕੇ ਖੱਤਰੀ ਸਭਾ ਦੇ ਜਨਰਲ ਸਕੱਤਰ ਸ਼ੰਕਰ ਝਾਂਜੀ, ਕੈਸ਼ੀਅਰ ਭਾਰਤ ਭੂਸ਼ਣ ਬੇਦੀ, ਸਕੱਤਰ ਵਿਤਿਨ ਪੁਰੀ, ਜੁਆਇੰਟ ਸਕੱਤਰ ਸੰਜੀਵ ਘਈ (ਲੱਕੀ), ਪਰਵੀਨ ਪੱਬੀ, ਮਾਸਟਰ ਨਰੇਸ਼ ਕੋਹਲੀ, ਡਾ: ਅਜੇ ਓਹਰੀ, ਅਨਿਲ ਓਹਰੀ, ਪ੍ਰੇਮ ਬਜਾਜ, ਭਰਤ ਬੇਦੀ, ਰਾਕੇਸ਼. ਘਈ, ਸੁਦਰਸ਼ਨ ਬਹਿਲ ਆਦਿ ਹਾਜ਼ਰ ਸਨ।

# ਪਿੰਡ ਵਜੀਦੋਵਾਲ ਵਿਖੇ ਲਗਾਇਆ ਵੋਟਰ ਸੂਚੀਆਂ ਦੀ ਸਰਸਰੀ ਸੁਧਾਈ ਤਹਿਤ ਦੋ ਰੋਜਾ ਕੈਂ 23 ਤੇ 24 ਨਵੰਬਰ ਨੂੰ ਲੱਗੇਗਾ ਵਿਸ਼ੇਸ਼ ਕੈਂਪ





ਪੰਜਾਬ ਦਾ ਖੁਲਾਸਾ

ਫਗਵਾੜਾ 10 ਨਵੰਬਰ ( ਪ੍ਰੀਤ ਕੌਰ ਪ੍ਰੀਤੀ) ਮਾਣਯੋਗ ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਯੋਗਤਾ ਮਿਤੀ 01.01.2025 ਦੇ ਅਧਾਰ ਤੇ ਵੋਟਰ ਸੂਚੀਆਂ ਦੀ ਸਰਸਰੀ ਸੁਧਾਈ ਦੀ ਮੁਹਿਮ ਦੇ ਸਬੰਧ ਵਿਚ ਉਪ ਮੰਡਲ ਮੈਜਿਸਟ੍ਰੇਟ ਕਮ ਚੋਣਕਾਰ ਰਜਿਸਟ੍ਰੇਸ਼ਨ ਫਗਵਾੜਾ-29 ਚੋਣ ਅਫਸਰ ਜਸ਼ਨਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਅੱਜ ਫਗਵਾੜਾ ਦੇ ਸਾਰੇ ਪੋਲਿੰਗ ਬੂਥਾਂ ਤੇ ਸਵੇਰੇ 9 ਤੋਂ ਸ਼ਾਮ 5 ਵਜੇ ਤੱਕ ਕੈਂਪ ਲਗਾਏ ਗਏ। ਇਸੇ ਲੜੀ ਤਹਿਤ ਪਿੰਡ ਵਜੀਦੋਵਾਲ ਸਥਿਤ ਬੂਥ ਨੰਬਰ 113 'ਤੇ ਇਕ ਕੈਂਪ ਬੀ.ਐਲ.ਓ. ਮਲਕੀਤ ਚੰਦ ਕੰਗ ਦੀ ਅਗਵਾਈ ਹੇਠ ਲਗਾਇਆ ਗਿਆ। ਇਸ ਮੌਕੇ ਵੋਟਰਾਂ ਦੇ ਦਾਅਵੇ ਤੇ ਇਤਰਾਜ ਪ੍ਰਾਪਤ ਕੀਤੇ ਗਏ। ਬੀ.ਐਲ.ਓ. ਮਲਕੀਤ ਚੰਦ ਕੰਗ ਨੇ ਦੱਸਿਆ ਕਿ 1 ਜਨਵਰੀ 2025 ਨੂੰ 18 ਸਾਲ ਦੀ ਉਮਰ ਪੂਰੀ ਕਰਨ ਵਾਲੇ ਅਤੇ ਜਿਹਨਾਂ ਨੇ ਹੁਣ ਤੱਕ ਆਪਣੀ ਵੋਟ ਨਹੀਂ ਬਣਾਈ। ਉਹ ਪ੍ਰਾਰਥੀ ਇਹਨਾਂ ਕੈਂਪਾ ਦਾ ਲਾਭ ਉਠਾ ਸਕਦੇ ਹਨ। ਮਿਤੀ 23 ਅਤੇ 24 ਨਵੰਬਰ ਦਿਨ ਸ਼ਨੀਵਾਰ ਤੇ ਐਤਵਾਰ ਨੂੰ ਵੀ ਵਿਸ਼ੇਸ਼ ਕੈਂਪ ਲਗਾਏ ਜਾਣਗੇ। ਇਹਨਾਂ ਕੈਂਪਾ ਦੌਰਾਨ ਨਵੀਂ ਵੋਟ ਬਨਾਉਣ ਲਈ ਫਾਰਮ ਨੰਬਰ 6 ਜਦਕਿ ਪ੍ਰਵਾਸ਼ੀ ਭਾਰਤੀਆਂ ਦੀ ਵੋਟ ਬਨਾਉਣ ਲਈ ਫਾਰਮ ਨੰਬਰ 6-ਏ ਅਤੇ ਵੋਟ ਕਟਵਾਉਣ ਲਈ ਫਾਰਮ ਨੰਬਰ 7, ਵੋਟ ਵੇਰਵਿਆਂ ਵਿਚ ਸੋਧ ਕਰਵਾਉਣ ਲਈ, ਡੁਪਲੀਕੇਟ ਵੋਟਰ ਕਾਰਡ ਲੈਣ, ਰਿਹਾਇਸ਼ੀ ਪਤਾ ਬਦਲਣ ਲਈ ਅਤੇ ਪੀ.ਡਬਲਯੂ.ਡੀ. ਮਾਰਕ ਕਰਵਾਉਣ ਲਈ ਫਾਰਮ ਨੰਬਰ 8 ਭਰ ਕੇ ਦਿੱਤੇ ਜਾ ਸਕਦੇ ਹਨ। ਤਾਂ ਜੋ ਉਹਨਾਂ ਦਾ ਨਾਮ ਸੁਧਾਈ ਤੋਂ ਬਾਅਦ ਪ੍ਰਕਾਸ਼ਿਤ ਹੋਣ ਵਾਲੀਆਂ ਅਗਲੀਆਂ ਵੋਟਰ ਸੂਚੀਆਂ ਵਿਚ ਸ਼ਾਮਲ ਕੀਤਾ ਜਾ ਸਕੇ ਅਤੇ ਉਹ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰ ਸਕਣ। ਉਹਨਾਂ ਦੱਸਿਆ ਕਿ ਇਹ ਫਾਰਮ ਮੋਬਾਇਲ ਐਪ ਜਾਂ ਫਾਰਮ ਪੋਰਟਲ ਰਾਹੀਂ ਆਨਲਾਈਨ ਵੀ ਪ੍ਰਾਪਤ ਕੀਤੇ ਜਾ ਸਕਦੇ ਹਨ। ਵਧੇਰੇ ਜਾਣਕਾਰੀ ਲਈ ਟੋਲ ਫਰੀ ਨੰਬਰ 1950 'ਤੇ ਦਫਤਰੀ ਸਮੇਂ ਦੌਰਾਨ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਸਰਪੰਚ ਰਿੰਪਲ ਕੁਮਾਰ, ਅਸ਼ੋਕ ਕੁਮਾਰ, ਨਰਿੰਦਰ ਕੁਮਾਰ, ਸੰਜੀਵ ਕੁਮਾਰ, ਰਿਟਾ. ਇੰਸਪੈਕਟਰ ਰਮਨ ਕੁਮਾਰ, ਰਵੀ ਦੱਤ, ਬਲਿਹਾਰ ਚੰਦ, ਜਸਵਿੰਦਰ ਪਾਲ, ਬਨੀ ਸ਼ਰਮਾ, ਵਿਕਾਸ ਕੁਮਾਰ, ਹੰਸਰਾਜ, ਕੁਲਦੀਪ ਕੁਮਾਰ, ਸੋਹਨ ਲਾਲ ਆਦਿ ਹਾਜਰ ਸਨ।ਤਸਵੀਰ 001, ਕੈਪਸ਼ਨ- ਪਿੰਡ ਵਜੀਦੋਵਾਲ ਵਿਖੇ ਬੂਥ ਨੰਬਰ 113 'ਤੇ ਲਗਾਏ ਗਏ ਕੈਂਪ ਦੌਰਾਨ ਫਾਰਮ ਭਰਦੇ ਹੋਏ ਬੀ.ਐਲ.ਓ. ਮਲਕੀਤ ਚੰਦ ਕੰਗ ਦੇ ਨਾਲ ਸਰਪੰਚ ਰਿੰਪਲ ਕੁਮਾਰ ਅਤੇ ਹੋਰ।

# ਪਿੰਡ ਬੂੜਾ ਗੁੱਜਰ ਵਿੱਚ ਅਖੰਡ ਪਾਠ ਦੇ ਭੋਗ ਉਪਰੰਤ ਲਾਇਆ ਖੂਨਦਾਨ ਕੈਂਪ 35 ਯੂਨਿਟ ਕੀਤਾ ਦਾਨ

ਪੰਜਾਬ ਦਾ ਖੁਲਾਸਾ



**ਸ੍ਰੀ ਮੁਕਤਸਰ ਸਾਹਿਬ 10 ਨਵੰਬਰ (ਪਰਮਜੀਤ ਬੇਦੀ)** ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਬੂੜਾ ਗੁੱਜਰ ਵਿੱਚ ਸੰਤ ਬਾਬਾ ਦਿਆਲ ਦਾਸ ਜੀ ਦੇ ਪਵਿੱਤਰ ਅਸਥਾਨ ਤੇ ਸਮੂਹ ਨਗਰ ਨਿਵਾਸੀਆਂ ਅਤੇ ਪੰਚਾਇਤ ਵੱਲੋਂ ਸਰਬੱਤ ਦੇ ਭਲੇ ਲਈ ਸ੍ਰੀ ਅਖੰਡ ਪਾਠ ਪ੍ਰਕਾਸ਼ ਕਰਵਾਏ ਸਨ ਅੱਜ ਸਮੂਹ ਨਗਰ ਨਿਵਾਸੀਆਂ ਦੀ ਚੜਦੀ ਕਲਾ ਲਈ , ਵਿਦੇਸ਼ਾਂ ਵਿੱਚ ਰਹਿ ਰਹੇ ਨਗਰ ਨਿਵਾਸੀਆਂ ਅਤੇ ਨਗਰ ਵਿਚ ਸੁੱਖ ਸ਼ਾਂਤੀ ਲਈ ਅਰਦਾਸ ਉਪਰੰਤ ਭੋਗ ਪਾਏ ਗਏ ਅਤੇ ਸ਼ਹੀਦ ਪ੍ਰਭਜੋਤ ਸਿੰਘ ਸਪੋਰਟਸ ਕਲੱਬ ਬੂੜਾ ਗੁੱਜਰ ਵੱਲੋਂ ਖੂਨਦਾਨ ਕੈਂਪ ਦਾ ਆਯੋਜਨ ਵੀ ਕੀਤਾ ਗਿਆ ਜਿਸ ਦਾ ਉਦਘਾਟਨ ਬਾਬਾ ਮਨਪ੍ਰੀਤ ਸਿੰਘ ਕਾਰਸੇਵਾ ਵਾਲਿਆਂ ਵੱਲੋਂ ਅਪਣੇ ਕਰ ਕਮਲਾਂ ਨਾਲ ਕੀਤਾ ਗਿਆ।ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ (ਪ੍ਰਧਾਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ) ਨੇ ਪ੍ਰੈਸ ਨੂੰ ਜਾਣਕਾਰੀ ਦਿੱਤੀ ਕਿ ਇਸ ਕੈਂਪ ਦੌਰਾਨ 35 ਯੂਨਿਟ ਖੂਨਦਾਨ ਕੀਤਾ ਗਿਆ ਇਥੇ ਇਹ ਵੀ ਦੱਸਣਯੋਗ ਹੈ ਕਿ ਜਿਥੇ ਪਿੰਡ ਬੂੜਾ ਗੁੱਜਰ ਦੇ ਨੌਜਵਾਨਾਂ ਨੇ ਵੱਡੀ ਗਿਣਤੀ ਵਿਚ ਖੂਨਦਾਨ ਕੀਤਾ ਉੱਥੇ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਸਾਬਕਾ ਐਮ ਐਲ ਏ, ਜਗਜੀਤ ਸਿੰਘ ਨਹੀਂ ਫੱਤਣਵਾਲਾ ਸਾਬਕਾ ਚੈਅਰਮੈਨ ਨੇ ਵੀ ਖੂਨਦਾਨ ਕੀਤਾ । ਜਗਦੀਪ ਸਿੰਘ ਕਾਕਾ ਬਰਾੜ ਐਮ ਐਲ ਏ ਹਲਕਾ ਸ੍ਰੀ ਮੁਕਤਸਰ ਸਾਹਿਬ ਵੀ ਅਰਦਾਸ ਵਿੱਚ ਸ਼ਾਮਲ ਹੋਏ ਅਤੇ ਖੂਨਦਾਨ ਕੈਂਪ ਦੀ ਸ਼ਲਾਘਾ ਕੀਤੀ ਗਈ।ਭੋਗ ਉਪਰੰਤ ਖੁੱਲ੍ਹੇ ਲੰਗਰ ਵਰਤਾਏ ਗਏ। ਇਸ ਮੌਕੇ ਅਮਨ ਸਿੰਘ ਮਹਾਸ਼ਾ ਫੱਤਣਵਾਲਾ, ਸੁਰਜੀਤ ਸਿੰਘ ਚੈਅਰਮੈਨ ਮਾਰਕੀਟ ਕਮੇਟੀ ਸ੍ਰੀ ਮੁਕਤਸਰ ਸਾਹਿਬ, ਗੁਰਦੀਪ ਸਿੰਘ,ਪੂਰਨ ਸਿੰਘ ਲੰਡੇ ਰੋਡੇ ਸਾਬਕਾ ਸਰਪੰਚ, ਜਗਵੰਤ ਸਿੰਘ ਲੰਮੀ ਢਾਬ ਸੀਨੀਅਰ ਅਕਾਲੀ ਆਗੂ ਪਿੰਡ ਬੂੜਾ ਗੁੱਜਰ ਦੇ ਮਜੂਦਾ ਸਰਪੰਚ,ਪੰਚ, ਸਾਬਕਾ ਪੰਚ, ਸ਼ਹੀਦ ਪ੍ਰਭਜੋਤ ਸਿੰਘ ਸਪੋਰਟਸ ਕਲੱਬ ਦੇ ਸਮੂਹ ਮੈਂਬਰ ਅਤੇ ਵੱਡੀ ਗਿਣਤੀ ਵਿਚ ਪਿੰਡ ਵਾਸੀ ਹਾਜ਼ਰ ਸਨ।

# ਸਰਪੰਚ ਰਣਦੀਪ ਛੀਨਾ ਅਨੰਦਪੁਰੀ ਪੰਚਾਇਤ ਦੇ ਵਿਕਾਸ ਲਈ ਕੀਤਾ ਵਿਚਾਰ ਵਟਾਂਦਰਾ

ਪੰਜਾਬ ਦਾ ਖੁਲਾਸਾ



**ਅੰਮ੍ਰਿਤਸਰ10 ਨਵੰਬਰ (ਦਿਨੇਸ਼ ਸੋਨੀ)** ਹਲਕਾ ਵਿਧਾਇਕ ਪੱਛਮੀ ਡਾਕਟਰ ਜਸਬੀਰ ਸਿੰਘ ਸੰਧੂ ਦੀ ਅਗਵਾਈ ਹੇਠ ਅਨੰਦਪੁਰੀ ਪੰਚਾਇਤ ਦੇ ਵਿਕਾਸ ਕਾਰਜ ਬਿਨਾਂ ਕਿਸੇ ਪੱਖਪਾਤ ਦੇ ਕਰਵਾਏ ਜਾਣਗੇ ਗ੍ਰਾਮ ਪੰਚਾਇਤ ਅਨੰਦਪੁਰੀ ਦੇ ਨਵ ਨਿਯੁਕਤ ਸਰਪੰਚ ਰਣਦੀਪ ਸਿੰਘ ਛੀਨਾ ਪ੍ਰੈਸ ਨਾਲ ਗੱਲਬਾਤ ਕਰਦਿਆਂ ਸਾਂਝੇ ਕੀਤੇ ਉਨਾਂ ਅਨੰਦਪੁਰੀ ਪੰਚਾਇਤ ਵਾਸੀਆਂ ਨੂੰ ਭਰੋਸਾ ਦਵਾਉਂਦਿਆਂ ਕਿਹਾ ਕਿ ਜਿੱਥੇ ਪਾਰਟੀ ਦੀ ਪੱਖਬਾਜ਼ੀ ਕਾਰਨ ਆਨੰਦਪੁਰੀ ਦੇ ਵਿਕਾਸ ਕਾਰਜ ਪਿਛਲੇ ਸਮੇਂ ਜ਼ੀਰੋ ਰਹੇ ਹਨ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਜਲਦ ਸ਼ੁਰੂ ਹੋਣਗੇ ਪੰਚਾਇਤ ਵਿੱਚ ਡਿਸਪੈਂਸਰੀ ਡੀਪੂ ਸਟਰੀਟ ਲਾਈਟਾਂ ਲਗਾਉਣ ਲਈ ਜਲਦ ਉਪਰਾਲਾ ਕੀਤਾ ਜਾਵੇਗਾ ਪੂਰੇ ਇਲਾਕੇ ਦੀਆਂ ਵੱਖ ਵੱਖ ਵਾਰਡਾਂ ਦੀ ਨੁਹਾਰ ਬਦਲੀ ਜਾਵੇਗੀ ਇਸ ਮੌਕੇ ਵਿਸ਼ੇਸ਼ ਤੌਰ ਤੇ ਸਰਪੰਚ ਅਮਨਦੀਪ ਸਿੰਘ ਬਾਬਾ ਦਰਸ਼ਨ ਸਿੰਘ ਕਲੋਨੀ ਬਾਬਾ ਗੁਰਜੀਤ ਸਿੰਘ ਕੁੱਲੀ ਵਾਲੇ ਸਤਨਾਮ ਸਿੰਘ ਸ਼ੀਨਾ ਬਲਵਿੰਦਰ ਸਿੰਘ ਉੱਪਲ ਮਜੀਠੀਆ ਸਮੇਤ ਪੰਚ ਰਾਜਨਦੀਪ ਸਿੰਘ ਕੁਲਦੀਪ ਸਿੰਘ ਗੁਰਪ੍ਰੀਤ ਕੌਰ ਕਿਸ਼ੋਰ ਚੰਦ ਪ੍ਰਭਜੋਤ ਸਿੰਘ ਬਾਊ ਪ੍ਰਤਾਪ ਸਿੰਘ ਤਰਲੋਕ ਸਿੰਘ ਹਰਦੇਵ ਸਿੰਘ ਬਾਠ ਪ੍ਰਧਾਨ ਨਵਤੇਜ ਸਿੰਘ ਦਲਬੀਰ ਸਿੰਘ ਬਾਠ ਸਤਿਨਾਮ ਸਿੰਘ ਢਿੱਲੋਂ ਹਰਪਾਲ ਸਿੰਘ ਢਿੱਲੋਂ ਲਖਵਿੰਦਰ ਸਿੰਘ ਸੈਕਟਰੀ ਅਮਨ ਲੁਬਾਣਾ ਰੋਬਿਨ ਉਪਲ ਅਨਮੋਲ ਉਪਲ ਸੰਦੀਪ ਸਿੰਘ ਛੀਨਾ ਕਨੇਡਾ ਹਰਪਾਲ ਸਿੰਘ ਔਲਖ ਅਮਰ ਸਿੰਘ ਬੁੱਟਰ ਅਕਵਿੰਦਰ ਸਿੰਘ ਸੰਧੂ ਸੁਖ ਚਰਨ ਸਿੰਘ ਅਰਜਨ ਕੁਮਾਰ ਜਰਨੈਲ ਸਿੰਘ ਬਲਜਿੰਦਰ ਸਿੰਘ ਢਿੱਲੋਂ ਆਦਿ ਹਾਜ਼ਰ ਸਨ

# ਦਿਲ ਦੀਆਂ ਬਿਮਾਰੀਆਂ ਅਤੇ ਹਾਰਟ ਅਟੈਕ ਸੰਬੰਧੀ ਸੈਮੀਨਾਰ ਕਰਵਾਇਆ

## ਹਾਰਟ ਅਟੈਕ ਦਾ ਵੱਡਾ ਕਾਰਨ ਸਟ੍ਰੈਸ - ਡਾ.ਮੰਨਨ ਆਨੰਦ

ਪੰਜਾਬ ਦਾ ਖੁਲਾਸਾ



**ਅੰਮ੍ਰਿਤਸਰ, 10 ਨਵੰਬਰ (ਦਿਨੇਸ਼ ਸੋਨੀ)** - ਸਥਾਨਕ ਰਣਜੀਤ ਐਵਿਨਿਊ ਵਿਖੇ ਮੈਡਟਰੋਨਿਕ ਵੱਲੋਂ ਹਰਪ੍ਰੀਤ ਸਿੰਘ ਦੀ ਦੇਖ-ਰੇਖ ਵਿੱਚ "ਦਿਲ ਦੀਆਂ ਬਿਮਾਰੀਆਂ" ਅਤੇ ਹਾਰਟ ਅਟੈਕ ਸੰਬੰਧੀ ਇਕ ਵਿਸ਼ੇਸ਼ ਜ਼ਾਗਰੂਕਤਾਂ ਸੈਮੀਨਾਰ ਦਾ ਆਯੋਜਨ ਕੀਤਾ ਗਿਆ।ਜਿਸ ਵਿੱਚ ਮੁੱਖ ਬੁਲਾਰੇ ਉੱਤਰ ਭਾਰਤ ਦੇ ਪ੍ਰਸਿੱਧ ਦਿਲ ਦੀਆਂ ਬਿਮਾਰੀਆਂ ਦੇ ਮਾਹਿਰ ਸਰਜਨ ਡਾ.ਮੰਨਨ ਆਨੰਦ ਮੈਨੇਜਿੰਗ ਡਾਇਰੈਕਟਰ ਜਨਤਾ ਹਸਪਤਾਲ ਏਅਰਪੋਰਟ ਰੋਡ ਸਨ।ਇਸ ਮੌਕੇ ਡਾ.ਮੰਨਨ ਆਨੰਦ ਨੇ ਨਾ ਸਿਰਫ ਹਾਰਟ ਅਟੈਕ ਦੇ ਕਾਰਨਾਂ ਦੇ ਬਾਰੇ ਵਿੱਚ ਬਲਕਿ ਉਸਦੇ ਲੱਛਣ ਅਤੇ ਉਸਦੇ ਬਚਾਅ ਦੇ ਤਰੀਕੇ ਦੇ ਬਾਰੇ ਵਿੱਚ ਵਿਸਥਾਰਪੂਰਵਕ ਦੱਸਿਆ।

ਇਸ ਮੌਕੇ ਡਾ.ਮੰਨਨ ਨੇ ਦੱਸਿਆ ਕਿ ਹਾਰਟ ਅਟੈਕ ਦਾ ਸਭ ਤੋਂ ਵੱਡਾ ਕਾਰਨ ਸਟ੍ਰੈਸ ਦਾ ਹੋਣਾ ਹੈ ਸਟ੍ਰੈਸ ਦੇ ਕਾਰਨ ਸ਼ੂਗਰ ਅਤੇ ਬਲੈਡ ਪ੍ਰੈਸ਼ਰ ਬਿਮਾਰੀ ਹੋਣ ਦਾ ਖਤਰਾ ਵੱਧ ਜਾਂਦਾ ਹੈ ਇਹ ਦੋਨੋਂ ਬਿਮਾਰੀ ਦੇ ਕਾਰਨ ਹਾਰਟ ਅਟੈਕ ਦਾ ਖਤਰਾ ਬਣਿਆ ਰਹਿੰਦਾ ਹੈ ਇਸ ਲਈ ਜ਼ਰੂਰੀ ਹੈ ਕਿ ਸਟ੍ਰੈਸ ਨੂੰ ਘੱਟ ਰੱਖੋ ਅਤੇ ਸ਼ੂਗਰ ਅਤੇ ਬੀ.ਪੀ ਨੂੰ ਕੰਟਰੋਲ ਰੱਖੋ।ਉਨ੍ਹਾਂ ਦੱਸਿਆ ਕਿ ਇੰਨ੍ਹਾਂ ਬਿਮਾਰੀਆਂ ਨੂੰ ਕੰਟਰੋਲ ਰੱਖਣ ਦੇ ਲਈ ਸਰੀਰਿਕ ਕਸਰਤ,ਸੈਰ ਕਰਨੀ ਚਾਹੀਦੀ ਹੈ ਖਾਣ-ਪੀਣ ਨੂੰ ਸਹੀਂ ਰੱਖਣਾ ਚਾਹੀਦਾ ਹੈ।

ਉਨ੍ਹਾਂ ਦੱਸਿਆ ਕਿ ਹਾਰਟ ਅਟੈਕ ਆਉਣ ਤੇ ਸੀ.ਪੀ.ਆਰ ਦੇ ਕੇ ਮਰੀਜ਼ ਨੂੰ ਬਚਾਇਆ ਜਾ ਸਕਦਾ ਹੈ।ਉਨ੍ਹਾਂ ਲੋਕਾਂ ਨੂੰ ਨਸ਼ਾ,ਸਿਰਗੇਟਨੋਸੀ,ਗੁਟਖੇ ਦੇ ਸੇਵਨ ਤੋਂ ਬਚਣ ਦੀ ਅਪੀਲ ਕੀਤੀ।ਇਸ ਮੌਕੇ ਸ਼ੂਗਰ ਰੋਗਾਂ ਦੇ ਮਾਹਿਰ ਡਾ.ਮੈਕਸਿਮਾ ਆਨੰਦ, ਪ੍ਰਸਿੱਧ ਨਿਊਰੋ ਸਰਜਨ ਡਾ .ਰਾਘਵ ਵਧਵਾ, ਐਡਮਿਸਟ੍ਰੇਟਰ ਡਾ. ਗੁਰਮੀਤ ਸਿੰਘ ਚਾਹਲ,ਡਾ.ਨੀਰਜ, ਡਾ. ਅਮਿਸ਼ਾ ਮਹਾਜਨ, ਡਾ. ਵਿਕਰਾਂਤ, ਰਾਜੀਵ ਸਲਵਾਨ, ਰਣਵੀਰ ਸਿੰਘ,ਮੈਨੇਜਰ ਗੋਰਵ ਮਲਹੋਤਰਾ,ਸੀ.ਏ ਰਾਹੁਲ ਵਰਮਾ ,ਅਜੇ ਸ਼ਰਮਾ,ਪ੍ਰਦੀਪ ਚੌਹਾਨ ,ਵਿਕਰਮ ਵਿੱਕੀ,ਅਮਿਤ ਰਾਮਪਾਲ, ਸੋਰਵ ਕੰਬੋਜ਼, ਸਾਖਸ਼ੀ,ਮੈਡਮ ਸ਼ਮਾ, ਬੱਗਾ ਆਦਿ ਹਾਜ਼ਰ ਸਨ।

# ਪਿੰਡ ਚੰਨਣਕੇ ਵਿੱਖੇ ਧੰਨ ਧੰਨ ਬਾਬਾ ਜੀਵਨ ਸਿੰਘ ਦਿਹਾੜੇ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਸਜਾਇਆ

ਪੰਜਾਬ ਦਾ ਖੁਲਾਸਾ

ਅੰਮ੍ਰਿਤਸਰ10 ਨਵੰਬਰ ( ਦਿਨੇਸ਼ ਸੋਨੀ) ਗੁਰਦੁਆਰਾ ਬਾਬਾ ਜੀਵਨ ਸਿੰਘ ਜੀ ਪਵਿੱਤਰ ਪਾਵਨ ਦਿਹਾੜਾ ਬੜੀ ਸਰਧਾ ਭਾਵਨਾ ਨਾਲ ਮਨਾਇਆ ਗਿਆ 8 ਨਵੰਬਰ ਦਿਨ ਸ਼ੁੱਕਰਵਾਰ ਨੂੰ ਪਵਿੱਤਰ ਪਾਵਨ ਗੁਰਬਾਣੀ ਦੇ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਕਰਵਾਇਆ ਗਿਆ 10 ਨਵੰਬਰ ਦਿਨ ਐਤਵਾਰ ਨੂੰ ਪਵਿੱਤਰ ਪਾਵਨ ਗੁਰਬਾਣੀ ਦੇ ਭੋਗ ਪਾਏ ਗਏ। ਉਪਰੰਤ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਛਤਰ ਛਾਇਆ ਹੇਠ ਅਤੇ ਪੰਜਾ ਪਿਆਰਿਆਂ ਸਹਿਬਾਨ ਯੋਗ ਅਗਵਾਈ ਹੇਠ ਨਗਰ ਕੀਰਤਨ ਸਜਾਇਆ ਗਿਆ। ਇਹ ਨਗਰ ਕੀਰਤਨ ਗੁਰਦੁਆਰਾ ਹਵੇਲੀ ਸਾਹਿਬ ਚੰਨਣਕੇ ਵਿਖੇ ਪਾਹੁੰਣ ਤੇ ਬਾਬਾ ਸੁਖਵੰਤ ਸਿੰਘ ਚੰਨਣਕੇ, ਪ੍ਰਧਾਨ ਲਖਵਿੰਦਰ ਸਿੰਘ ਦੀ ਅਗਵਾਈ ਹੇਠ ਬਹੁਤ ਨਿੱਘਾ ਸੁਆਗਤ ਕੀਤਾ ਗਿਆ ਪੰਜ ਪਿਆਰਿਆਂ ਸਹਿਬਾਨ ਨੂੰ ਸਿਰਪਾਉ ਦੇਕੇ ਸਨਮਾਨਿਤ ਕੀਤਾ ਗਿਆ। ਅਤੇ ਗਰੰਥੀ ਸਿੰਘ ਨੂੰ ਸਿਰਪਾਉ ਦੁਸਾਲਾ ਦੇਕੇ ਸਨਮਾਨਿਤ ਕੀਤਾ ਗਿਆ। ਸੰਗਤਾ ਨੂੰ ਫਲ ਫਰੂਟ ਖੁੱਲਾ ਵੰਡਿਆ ਗਿਆ। ਇਸ ਮੌਕੇ ਤੇ ਸਰਪੰਚ ਕੁਲਵਿੰਦਰ ਸਿੰਘ ਮਿੱਠਾ, ਪ੍ਰਧਾਨ ਲਖਵਿੰਦਰ ਸਿੰਘ ਰੰਧਾਵਾ, ਜਸਪਿੰਦਰ ਸਿੰਘ ਰੰਧਾਵਾ, ਜਸਵੰਤ ਸਿੰਘ, ਸੂਬੇਦਾਰ ਕਰਤਾਰ ਸਿੰਘ ਰੰਧਾਵਾ, ਮੱਸਿਆ ਦੇ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਸਾਹ, ਪ੍ਰਧਾਨ ਜਤਿੰਦਰ ਸਿੰਘ ਗਿੱਲ, ਚੇਅਰਮੈਨ ਸਤਨਾਮ ਸਿੰਘ ਨਾਹਰਾ, ਬਾਬਾ ਸੁਖਵੰਤ ਸਿੰਘ ਬੰਟੀ, ਬਾਬਾ ਸਾਹਿਬ ਸਿੰਘ ਜਸਵੰਤ ਸਿੰਘ ਗਿੱਲ, ਵਰਿੰਦਰ ਬਾਵਾ ਪ੍ਰਧਾਨ, ਬਾਬਾ ਸੁਖਵੰਤ ਸਿੰਘ ਚੰਨਣਕੇ, ਕਰਨ, ਗਗਨ, ਸਤਨਾਮ ਸਿੰਘ, ਡਾ, ਸਤਨਾਮ ਸਿੰਘ ਰੰਧਾਵਾ, ਆਦਿ ਸੇਵਾਦਾਰ ਹਾਜ਼ਰ ਸਨ।



# ਪੰਜਾਬ ਅਤੇ ਪੰਥਕ ਹਾਲਾਤਾਂ 'ਤੇ ਗੰਭੀਰ ਹੋਈ ਚਰਚਾ ਤੇ ਭਵਿੱਖ ਦੀ ਰਣਨੀਤੀ ਲਈ ਬਣੀ ਸਹਿਮਤੀ

## ਜੱਥੇਦਾਰ ਸਾਬ੍ਹ ,ਸੁਖਬੀਰ ਬਾਦਲ ਨੂੰ ਦੇਣ ਸਖ਼ਤ ਸਜ਼ਾ:ਆਗੂ

ਪੰਜਾਬ ਦਾ ਖੁਲਾਸਾ



**ਬਠਿੰਡਾ 10 ਨਵੰਬਰ (ਸੁਰਿੰਦਰਪਾਲ ਸਿੰਘ ):** ਸ਼ੇਰ ਏ ਪੰਜਾਬ ਅਕਾਲੀ ਦਲ ਦੇ ਪ੍ਰਧਾਨ ਭਾਈ ਗੁਰਦੀਪ ਸਿੰਘ ਬਠਿੰਡਾ, ਅਤੇ ਸੰਯੁਕਤ ਅਕਾਲੀ ਦਲ ਦੇ ਆਗੂਆਂ ਭਾਈ ਮੋਹਕਮ ਸਿੰਘ,ਭਾਈ ਸਤਨਾਮ ਸਿੰਘ ਮਨਾਵਾਂ , ਅਤੇ ਯੂਥ ਆਗੂ ਭਾਈ ਬਲਵੰਤ ਸਿੰਘ ਗੋਪਾਲਾ, ਦੀ ਵਰਤਮਾਨ ਪੰਜਾਬ ਅਤੇ ਪੰਥਕ ਹਾਲਾਤਾਂ ਤੇ ਗੰਭੀਰ ਚਰਚਾ ਹੋਈ । ਜਿਸ ਵਿੱਚ ਭਵਿੱਖ ਦੀ ਰਣਨੀਤੀ ਉਪਰ ਸਹਿਮਤੀ ਬਣੀ ਅਤੇ ਫੈਂਸਲੇ ਲਏ , ਮੀਟਿੰਗ ਵਿੱਚ ਸਪੱਸ਼ਟ ਰਾਇ ਸੀ ਕਿ ਸਰਬੱਤ ਖਾਲਸਾ ਵਲੋਂ ਨਿਯੁਕਤ ਜੱਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਨਾਲ ਸਾਰੀਆਂ ਪੰਥਕ ਧਿਰਾਂ ਓਹਨਾ ਨਾਲ ਹਨ । ਪਰੰਤੂ ਵਰਤਮਾਨ ਹਾਲਾਤਾਂ ਵਿੱਚ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਵਲੋ ਬਲਾਤਕਾਰੀ ਸਾਧ ਦੇ ਚੇਲੇ ਸੁਖਬੀਰ ਸਿੰਘ ਬਾਦਲ ਅਤੇ ਦੂਸਰੇ ਰਿਵਾਇਤੀ ਆਗੂਆਂ ਪ੍ਰਤੀ ਜੌ ਵਿਚਾਰ ਚਰਚੇ ਹੋ ਰਹੇ ਹਨ , ਉਸ ਸੰਬੰਧੀ ਪੰਥਕ ਜਥੇਬੰਦੀਆਂ ਅਤੇ ਧਾਰਮਿਕ ਸ਼ਖ਼ਸੀਅਤਾਂ ਦੀ ਸਾਂਝੀ ਮੀਟਿੰਗ ਸਦਕੇ ਫੈਸਲੇ ਲਏ ਜਾਣਗੇ। ਓਹਨਾ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਸੁਖਬੀਰ ਬਾਦਲ ਸਮੇਤ ਜੇਹੜੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀ ਬਲਾਤਕਾਰੀ ਸਾਧ ਦੇ ਪੁੱਤਰ ਬਣੇ ਓਹਨਾ ਉਪਰ ਬਹੁਤ ਸਜਾ ਬਣਦੀ ਹੈ। ਕਿਸੇ ਤਰਾ ਦੀ ਢਿੱਲੀ ਕਾਰਵਾਈ ਅਤੇ ਸ਼੍ਰੀ ਅਕਾਲ ਤਖ਼ਤ ਸਾਹਿਬ ਜੀ ਰਾਹੀਂ ਰੱਦ ਕੀਤੀ , ਲੀਡਰਸ਼ਿਪ ਨੂੰ ਲੋਕ ਪ੍ਰਵਾਨ ਨਹੀਂ ਕਰਨਗੇ, ਮੀਟਿੰਗ ਵਿੱਚ ਕਨੇਡਾ ਅਤੇ ਅਮਰੀਕਾ ਵਲੋਂ ਸਿੱਖਾਂ ਦੇ ਕਤਲੇਆਮ ਲਈ ਕੀਤੀ ਜਾ ਰਹੀ ਕਾਰਵਾਈ ਦੀ ਸ਼ਲਾਘਾ ਕਰਦੇ ਹੋਏ ਪੰਥਕ ਜਥੇਬੰਦੀਆਂ ਦੀ ਮੀਟਿੰਗ ਵਿੱਚ ਇਸ ਸੰਬੰਧੀ ਫੈਸਲੇ ਲਏ ਜਾਣਗੇ । ਏਸੇ ਤਰਾਂ ਪੰਥਕ ਜਥੇਬੰਦੀਆਂ ਦੇ ਵਿਖਰੇਵੇਂ ਦੇ ਹੱਲ ਲਈ ਭੀ ਹਾਂ ਪੱਖੀ ਵਿਚਾਰਾਂ ਅਤੇ ਨਵੰਬਰ ਮਹੀਨੇ ਵਿੱਚ ਹੀ ਇਸ ਦੇ ਲੋਕਾਂ ਸਾਹਮਣੇ ਚੰਗੇ ਨਤੀਜੇ ਆਉਣਗੇ।

# ਪ੍ਰਦੂਸ਼ਣ ਤੇ ਬਦਲਦੇ ਮੌਸਮ ਕਾਰਨ ਆਸਮਾਨ 'ਚ ਛਾਈ ਗੰਦਲੀ ਚਾਦਰ

## ਪੰਜਾਬ ਵਾਸੀਆਂ 'ਤੇ ਮੰਡਰਾ ਰਿਹੈ ਵੱਡਾ ਖ਼ਤਰਾ ! ਘਰੋਂ ਬਾਹਰ ਨਿਕਲਣ ਤੋਂ ਵੀ ਡਰਨ ਲੱਗੇ ਲੋਕ, ਪਰਾਲੀ ਨੂੰ ਅੱਗ ਲਗਾਉਣਾ ਕਿਸਾਨਾਂ ਦਾ ਸ਼ੌਕ ਨਹੀਂ ਮਜਬੂਰੀ ਹੈ : ਕਿਸਾਨ ਆਗੂ

ਪੰਜਾਬ ਦਾ ਖੁਲਾਸਾ



**ਜੈਤੋ,10 ਨਵੰਬਰ (ਮਨਜੀਤ ਸਿੰਘ ਢੱਲਾ)**- : ਪੰਜਾਬ ਸਣੇ ਜ਼ਿਲ੍ਹਾ ਫ਼ਰੀਦਕੋਟ ਬਲਾਕ ਜੈਤੋ ਦੇ ਆਸ ਪਾਸ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਇਸ ਕਾਰਨ ਇੱਥੋਂ ਦੀ ਆਬੋ-ਹਵਾ ਪੂਰੀ ਤਰ੍ਹਾਂ ਖ਼ਰਾਬ ਹੋ ਗਈ ਹੈ। ਹਾਲਾਤ ਇਹ ਬਣ ਗਏ ਹਨ ਕਿ ਹਾਈਵੇ, ਬਾਜ਼ਾਰ, ਗਲੀਆਂ, ਹਸਪਤਾਲ ਅਤੇ ਚੌਂਕ-ਚੌਰਾਹਿਆਂ ਤੇ ਮੇਨ ਸੜਕਾਂ 'ਚ ਹਰ ਥਾਂ ਪ੍ਰਦੂਸ਼ਣ ਨੇ ਆਪਣਾ ਘੇਰਾ ਪਾ ਲਿਆ ਹੈ ਲੋਕ ਘਰਾਂ ਵਿਚੋਂ ਮੂੰਹ ਢੱਕ ਕੇ ਬਾਹਰ ਨਿਕਲ ਰਹੇ ਹਨ। ਇਸ ਕਾਰਨ ਲੋਕਾਂ ਨੂੰ ਸਾਹ ਲੈਣ 'ਚ ਤਕਲੀਫ਼ ਅਤੇ ਹੋਰ ਵੀ ਕਈ ਬੀਮਾਰੀਆਂ ਲੱਗ ਰਹੀਆਂ ਹਨ। ਇਸ ਸਬੰਧੀ ਲੋਕਾਂ ਦਾ ਕਹਿਣਾ ਹੈ ਕਿ ਅੱਖਾਂ 'ਚ ਜਲਣ ਹੋ ਰਹੀ ਹੈ ਅਤੇ ਗਲੇ 'ਚ ਖ਼ਰਾਸ਼ ਹੁੰਦੀ ਹੈ। ਸਾਹ ਲੈਣਾ ਵੀ ਔਖਾ ਹੋ ਗਿਆ ਹੈ। ਲੋਕਾਂ ਨੇ ਕਿਹਾ ਕਿ ਹਵਾ 'ਚ ਪ੍ਰਦੂਸ਼ਣ ਇਸ ਕਦਰ ਵੱਧ ਗਿਆ ਹੈ ਕਿ ਘਰ ਤੋਂ ਬਾਹਰ ਨਿਕਲਣ ਲਈ ਵੀ ਸੋਚਣਾ ਪੈਂਦਾ ਹੈ ਕਿ ਬਾਹਰ ਜਾਈਏ ਜਾਂ ਨਹੀਂ। ਲੋਕਾਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਇਸ ਸਮੱਸਿਆ ਦਾ ਹੱਲ ਕੱਢਿਆ ਜਾਵੇ ਅਤੇ ਜੇਕਰ ਹਾਲਾਤ ਇੰਝ ਹੀ ਬਣੇ ਰਹੇ ਤਾਂ ਇਹ ਪ੍ਰਦੂਸ਼ਿਤ ਹਵਾ ਜਾਨਲੇਵਾ ਸਾਬਿਤ ਹੋ ਸਕਦੀ ਹੈ। ਸਿਰਫ ਇੰਨਾ ਹੀ ਨਹੀਂ, ਜਦੋਂ ਲੋਕ ਬੀਮਾਰ ਹੋ ਕੇ ਹਸਪਤਾਲ ਪਹੁੰਚਦੇ ਹਨ ਤਾਂ ਅੱਗਿਓਂ ਸਰਕਾਰੀ ਹਸਪਤਾਲ ਦਾ ਸਟਾਫ਼ ਵੀ ਇਸ ਸਮੱਸਿਆ ਨਾਲ ਜੂਝਦਾ ਨਜ਼ਰ ਆ ਰਿਹਾ ਹੈ। ਸਰਕਾਰੀ ਹਸਪਤਾਲ ਦੇ ਡਾਕਟਰਾਂ ਦਾ ਕਹਿਣਾ ਹੈ ਕਿ ਰੋਜ਼ਾਨਾ ਪ੍ਰਦੂਸ਼ਣ ਕਾਰਨ ਪ੍ਰਭਾਵਿਤ ਲੋਕਾਂ ਦਾ ਅੰਕੜਾ ਵੱਧਦਾ ਜਾ ਰਿਹਾ ਹੈ। ਲੋਕਾਂ ਨੂੰ ਸਾਹ ਲੈਣ 'ਚ ਬਹੁਤ ਦਿੱਕਤ ਆ ਰਹੀ ਹੈ ਅਤੇ ਲਗਾਤਾਰ ਮਰੀਜ਼ ਵੱਧ ਰਹੇ ਹਨ।

ਪਰਾਲੀ ਸਾੜਨ ਦੀਆਂ ਘਟਨਾਵਾਂ ਵਧੀਆਂ ਦੱਸਣਯੋਗ ਹੈ ਕਿ ਪੰਜਾਬ 'ਚ ਪਰਾਲੀ ਸਾੜਨ ਦੀਆਂ ਘਟਨਾਵਾਂ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਇਸ ਸਬੰਧੀ ਕਿਸਾਨ ਆਗੂਆਂ ਗੁਰਪ੍ਰੀਤ ਸਿੰਘ, ਜਗਸੀਰ ਸਿੰਘ ਦਾ ਕਹਿਣਾ ਹੈ ਕਿ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣਾ ਕਿਸਾਨਾਂ ਦਾ ਸ਼ੌਕ ਨਹੀਂ ਬਲਕਿ ਮਜਬੂਰੀ ਹੈ, ਉਨ੍ਹਾਂ ਕਿਹਾ ਕਿ ਪਰਾਲੀ ਸਾੜਨ ਨਾਲ ਸਿਰਫ ਚਾਰ ਫ਼ੀਸਦੀ ਪ੍ਰਦੂਸ਼ਣ ਫੈਲਦਾ ਹੈ ਜਦੋਂ ਕਿ ਵਧ ਰਹੇ ਵਹੀਕਲ ਫੈਕਟਰੀਆਂ/ ਭੱਠੇ ਬਹੁਤ ਸਾਰਾ ਪ੍ਰਦੂਸ਼ਣ ਫੈਲਾਉਂਦੇ ਹਨ ਪਰ ਪ੍ਰਦੂਸ਼ਣ ਦਾ ਮੁੱਦਾ ਮੱੜ ਕਿਸਾਨਾਂ ਦੇ ਸਿਰ ਦਿੱਤਾ ਜਾਂਦਾ ਹੈ। ਮਨਾਹੀ ਦੇ ਬਾਵਜੂਦ ਵੀ ਮਾਨਯੋਗ ਸੁਪਰੀਮ ਕੋਰਟ ਦੇ ਹੁਕਮ ਵੀ ਬੇਅਸਰ ਹੋ ਰਹੇ ਹਨ,ਬਲਾਕ ਜੈਤੋ ਜਿਲਾ ਫਰੀਦਕੋਟ ਵਿੱਚ ਵੀ ਕਿਸਾਨ ਆਗੂਆਂ ਵੱਲੋਂ ਝੋਨੇ ਦੀ ਪਰਾਲੀ ਸਾੜਨ ਦੇ ਬਾਵਜੂਦ ਵੀ ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਦੀ ਸਖ਼ਤੀ ਦੇ ਦਾਅਵੇ ਖੋਖਲੇ ਨਜ਼ਰ ਆ ਰਹੇ ਹਨ। ਭਾਵੇਂ ਇਸ ਸਬੰਧੀ ਪੁਲਿਸ ਪ੍ਰਸ਼ਾਸਨ ਅਤੇ ਸਿਵਲ ਪ੍ਰਸ਼ਾਸਨ ਵੱਲੋਂ ਮੌਕੇ ਤੇ ਜਾ ਕੇ ਕਾਰਵਾਈ ਕੀਤੀ ਜਾਂਦੀ ਹੈ, ਆਮ ਲੋਕਾਂ ਦਾ ਕਹਿਣਾ ਹੈ ਪੰਜਾਬ ਸਰਕਾਰ ਕਿਸਾਨਾਂ ਦੇ ਮਸਲਿਆਂ ਵੱਲ ਧਿਆਨ ਦੇਵੇ ਅਤੇ ਝੋਨੇ ਦੀ ਪਰਾਲੀ ਨੂੰ ਬਿਨਾਂ ਅੱਗ ਲਗਾਏ ਕਿਸਾਨਾਂ ਦਾ ਕੋਈ ਢੁਕਵਾਂ ਮਸਲਾ ਹੱਲ ਕਰੇ।

ਮੁਦਰਕ, ਪ੍ਰਕਾਸ਼ਕ ਅਤੇ ਸਵਾਮੀ ਮਨਪ੍ਰੀਤ ਸਿੰਘ ਨੇ ਪੰਜਮਨਾ ਆਰਟ ਪ੍ਰੈਸ, ਨੇੜੇ ਪੀ.ਐਨ.ਬੀ. ਬੈਂਕ, ਅਬੋਹਰ ਰੋਡ, ਸ੍ਰੀ ਮੁਕਤਸਰ ਸਾਹਿਬ ਤੋਂ ਛਪਵਾ ਕੇ ਪੰਜਾਬ ਦਾ ਖੁਲਾਸਾ ਦਫਤਰ, ਹਾਊਸ ਨੰਬਰ 236/3, ਨਾਕਾ ਨੰ.2 ਦਰਬਾਰ ਸਾਹਿਬ, ਸ੍ਰੀ ਮੁਕਤਸਰ ਸਾਹਿਬ ਤੋਂ ਪ੍ਰਕਾਸ਼ਿਤ ਕੀਤਾ। ਸੰਪਾਦਕ ਮਨਪ੍ਰੀਤ ਸਿੰਘ
Owner, Publisher & Printer Manpreet Singh Printed at Panjmana Art Press Near PNB Bank, Abohar Road Sri Muktsar Sahib Published from House No 236/3 Naka No 2, Darbar Sahib Sri Muktsar Sahib. Editor Manpreet Singh

# ਐਡਵੋਕੇਟ ਧਾਮੀ ਵਿਰੁੱਧ ਕੁਝ ਸ਼੍ਰੋਮਣੀ ਕਮੇਟੀ ਮੈਂਬਰਾਂ ਵੱਲੋਂ ਬੇਤੁਕੀ ਬਿਆਨਬਾਜੀ ਰਾਜਨੀਤੀ ਤੋਂ ਪ੍ਰੇਰਤ- ਵਿਰਕ, ਕਲਿਆਣ, ਮੰਡਵਾਲਾ





ਪੰਜਾਬ ਦਾ ਖੁਲਾਸਾ

ਜੈਤੋ,10 ਨਵੰਬਰ( ਰਘੂਨੰਦਨ ਪਰਾਸ਼ਰ ):ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਸਿੰਘ ਸਾਹਿਬਾਨ ਨਾਲ ਮਿਲਣ ਨੂੰ ਲੈ ਕੇ ਕੁਝ ਸ਼੍ਰੋਮਣੀ ਕਮੇਟੀ ਮੈਂਬਰਾਂ ਵੱਲੋਂ ਬੇਲੋੜਾ ਵਿਵਾਦ ਪੈਦਾ ਕੀਤੇ ਜਾਣ 'ਤੇ ਸਖ਼ਤ ਟਿੱਪਣੀ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਉੱਚ ਅਹੁਦੇਦਾਰਾਂ ਨੇ ਕਿਹਾ ਕਿ ਇਹ ਲੋਕ ਸਿਆਸੀ ਬਦਲਾਖੋਰੀ ਲਈ ਸਿੱਖ ਸੰਸਥਾਵਾਂ ਦੇ ਮੁਖੀਆਂ ਖਿਲਾਫ਼ ਮਾਹੌਲ ਬਣਾ ਰਹੇ ਹਨ, ਜਦਕਿ ਸਚਾਈ ਇਹ ਹੈ ਕਿ ਅਜਿਹੇ ਲੋਕ ਖੁਦ ਪੰਥ ਨੂੰ ਢਾਹ ਲਗਾਉਣ ਵਿਚ ਮੋਹਰੀ ਹਨ।ਸ਼੍ਰੋਮਣੀ ਕਮੇਟੀ ਦਫਤਰ ਤੋਂ ਜਾਰੀ ਇਕ ਬਿਆਨ ਵਿੱਚ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ ਅਤੇ ਜਨਰਲ ਸਕੱਤਰ ਸ. ਸੇਰ ਸਿੰਘ ਮੰਡਵਾਲਾ ਨੇ ਕਿਹਾ ਕਿ ਸਿੱਖ ਕੌਮ ਦੀ ਨੁਮਾਇੰਦਾ ਸੰਸਥਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦਾ ਜਥੇਦਾਰ ਸਾਹਿਬਾਨ ਨਾਲ ਮਿਲਣਾ ਕਿਸੇ ਤਰ੍ਹਾਂ ਵੀ ਗਲਤ ਨਹੀਂ। ਪੰਥਕ ਆਗੂਆਂ ਦੀ ਮੁਲਾਕਾਤ ਕਿਸੇ ਨੂੰ ਪੁੱਛ ਕੇ ਜਾਂ ਪ੍ਰਵਾਨਗੀ ਲੈ ਕੇ ਨਹੀਂ, ਸਗੋਂ ਕਿਸੇ ਸਮੇਂ ਅਤੇ ਕਿਤੇ ਵੀ ਹੋ ਸਕਦੀ ਹੈ।ਸ਼੍ਰੋਮਣੀ ਕਮੇਟੀ ਆਗੂਆਂ ਨੇ ਕਿਹਾ ਕਿ ਇਹ ਲੋਕ ਕੇਵਲ ਸਿਆਸੀ ਮੁਫਾਦਾਂ ਲਈ ਅਜਿਹੀ ਬੇਬੁਨਿਆਦ ਬਿਆਨਬਾਜ਼ੀ ਕਰਕੇ ਸਿੱਖ ਸੰਗਤਾਂ ਅੰਦਰ ਭੰਬਲ ਭੂਸਾ ਪੈਦਾ ਕਰਨ ਦਾ ਯਤਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਮੈਂਬਰ ਹੁੰਦਿਆਂ ਇਹ ਆਪੋ ਆਪਣੇ ਹਲਕੇ ਅੰਦਰ ਸਿੱਖੀ ਪ੍ਰਚਾਰ ਕਰਨ ਦੀ ਥਾਂ ਪਹਿਲਾਂ ਤੋਂ ਹੀ ਬਣੇ ਬਣਾਏ ਰਾਜਸੀ ਵਿਚਾਰ ਨੂੰ ਅੱਗੇ ਵਧਾਉਣ ਦੀ ਚਾਲ ਵਿਚ ਇਕ ਮੋਹਰਾ ਬਣ ਰਹੇ ਹਨ। ਉਨ੍ਹਾਂ ਕਿਹਾ ਕਿ ਪੂਰਾ ਸਿੱਖ ਜਗਤ ਜਾਣਦਾ ਹੈ ਸ਼੍ਰੋਮਣੀ ਕਮੇਟੀ ਦੀ ਸਲਾਨਾ ਚੋਣ ਸਮੇਂ ਇਨ੍ਹਾਂ ਉਗਲਾਂ 'ਤੇ ਗਿਣੇ ਜਾਣ ਵਾਲੇ ਮੈਂਬਰਾਂ ਨੂੰ ਭਾਰੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਸੀ, ਜਦਕਿ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪੰਥ ਦੀ ਹਰਮਨ ਪਿਆਰੀ ਸ਼ਖਸੀਅਤ ਵਜੋਂ ਉਭਰੇ ਸਨ। ਹਾਊਸ ਦੇ ਮੈਂਬਰਾਂ ਨੇ ਭਾਰੀ ਬਹੁਮਤ ਨਾਲ ਐਡਵੋਕੇਟ ਧਾਮੀ ਨੂੰ ਜਿਤਾ ਕੇ ਇਨ੍ਹਾਂ ਲੋਕਾਂ ਨੂੰ ਸ਼ੀਸ਼ਾ ਦਿਖਾ ਦਿੱਤਾ ਸੀ, ਜਿਸ ਕਾਰਨ ਬੁਖਲਾਹਟ ਵਿੱਚ ਆਏ ਇਹ ਲਗਾਤਾਰ ਬੇਤੁਕੀ ਤੇ ਬੇਅਰਥ ਬਿਆਨਬਾਜ਼ੀ ਕਰ ਰਹੇ ਹਨ। ਸ਼੍ਰੋਮਣੀ ਕਮੇਟੀ ਅਹੁਦੇਦਾਰਾਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਆਪਣੇ ਅਧਿਕਾਰ ਖੇਤਰ ਅਤੇ ਮਰਿਆਦਾ ਨੂੰ ਬਾਖੂਬੀ ਜਾਣਦੇ ਹਨ। ਇਸ ਲਈ ਇਹ ਲੋਕ ਸਿੱਖ ਸੰਸਥਾਵਾਂ ਅਤੇ ਸ਼ਖਸੀਅਤਾਂ ਬਾਰੇ ਬੇਲੋੜੇ ਵਿਵਾਦ ਪੈਦਾ ਕਰਨ ਅਤੇ ਬੇਤੁਕੀ ਬਿਆਨਬਾਜੀ ਤੋਂ ਬਾਜ ਆਉਣ।

# ਭਾਜਪਾ ਦੇ ਕੇਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਵੱਲੋਂ ਦਿੱਤੇ ਵਿਵਾਦਿਕ ਬਿਆਨ ਖਿਲਾਫ਼ ਝਬਾਲ ਚੌਂਕ ਵਿੱਚ ਪੁਤਲਾ ਫੂਕ ਮੁਜਾਰਾ

## ਕਿਸਾਨਾਂ ਦੇ ਨਾਲ ਹਲਕਾ ਵਿਧਾਇਕ,ਮੰਤਰੀਆਂ ਅਤੇ ਅਫਸਰ ਸਾਹੀ ਦੀ ਵੀ ਹੋਵੇ ਜਾਂਚ :- ਜਰਨੈਲ ਸਿੰਘ ਨੂਰਦੀ



ਪੰਜਾਬ ਦਾ ਖੁਲਾਸਾ

ਸਰਾਏ ਅਮਾਨਤ ਖਾਂ/ਝਬਾਲ,10 ਨਵੰਬਰ (ਗੁਰਸ਼ਰਨ ਸਿੰਘ ਔਲਖ) – ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਨੇ ਸਬ ਤਹਿਸੀਲ ਝਬਾਲ ਵਿਖੇ ਭਾਜਪਾ ਦੇ ਮੰਤਰੀ ਰਵਨੀਤ ਸਿੰਘ ਬਿੱਟੂ ਵੱਲੋਂ ਦਿੱਤੇ ਵਿਵਾਦਿਕ ਬਿਆਨ ਦਾ ਵਿਰੋਧ ਕਰਦਿਆਂ ਜ਼ਿਲ੍ਹਾ ਆਗੂ ਜਰਨੈਲ ਸਿੰਘ ਨੂਰਦੀ, ਪਰਮਜੀਤ ਸਿੰਘ ਛੀਨਾਂ, ਬਲਜੀਤ ਸਿੰਘ ਝਬਾਲ ਦੀ ਅਗਵਾਈ ਹੇਠ ਰਵਨੀਤ ਬਿੱਟੂ ਦਾ ਪੁਤਲਾ ਫੂਕਿਆ ਗਿਆ।ਇਸ ਮੌਕੇ ਪ੍ਰੈਸ ਨੋਟ ਜਾਰੀ ਕਰਦਿਆਂ ਕੁਲਜੀਤ ਸਿੰਘ ਛੀਨਾਂ ਨੇ ਦੱਸਿਆ ਕਿ ਕਿਸਾਨ ਮਜ਼ਦੂਰ ਸਘੰਰਸ਼ ਕਮੇਟੀ ਪੰਜਾਬ ਵੱਲੋਂ ਪੂਰੇ ਪੰਜਾਬ ਵਿੱਚ ਰਵਨੀਤ ਬਿੱਟੂ ਦੇ ਪੁਤਲੇ ਫੂਕੇ ਜਾ ਰਹੇ ਹਨ ਉਹ ਉਸ ਦੀਆਂ ਬਚਕਾਨਾ ਹਰਕਤਾਂ ਕਰਕੇ ਦਿੱਤੇ ਬਿਆਨ ਕਰਕੇ ਫੂਕੇ ਹਨ। ਪੰਜਾਬੀ ਦੀ ਕਹਾਵਤ ਹੈ ਕਿ ਮੁਰਦਾ ਬੋਲੋਂ ਤਾ ਖੱਫਣ ਪਾੜੂ, ਵਾਲੀ ਕਹਾਵਤ ਕੇਂਦਰੀ ਰਾਜ ਮੰਤਰੀ ਰਵਨੀਤ ਬਿੱਟੂ ਉੱਤੇ ਪੂਰੀ ਢੁਕਦੀ ਹੈ, ਕਿਉਂਕਿ ਜੋ ਮੰਗ 70, 75 ਸਾਲਾਂ ਤੋਂ ਕਿਸਾਨ ਅਤੇ ਆਮ ਲੋਕ ਇਨ੍ਹਾਂ ਤੋਂ ਕਰ ਰਹੇ ਹਨ ਕਿ ਮੰਤਰੀ , ਐਮ ਐਲ ਏ ਬਣਨ ਤੋਂ ਪਹਿਲਾਂ ਇਨ੍ਹਾਂ ਦੀ ਜਾਇਦਾਦ ਕੀ ਸੀ ਅਤੇ ਬਾਅਦ ਵਿੱਚ ਕਿੰਨੀ ਹੈ ਅਤੇ ਉਹ ਕਿਸ ਤਰ੍ਹਾਂ ਬਣਾਈ ਗਈ ਹੈ, ਉਸ ਜਾਂਚ ਅੱਜ ਤੱਕ ਨਹੀਂ ਕੀਤੀ ਗਈ। ਇਸ ਮੌਕੇ

ਜਿਲ੍ਹੇ ਦੇ ਸੀਨੀਅਰ ਮੀਤ ਪ੍ਰਧਾਨ ਜਰਨੈਲ ਸਿੰਘ ਨੂਰਦੀ , ਪਰਮਜੀਤ ਸਿੰਘ ਛੀਨਾਂ, ਬਲਜੀਤ ਸਿੰਘ ਝਬਾਲ ਨੇ ਕਿਹਾ ਕਿ ਕਿਸਾਨ ਆਪਣੀ ਬਣਾਈ ਹੋਈ ਹਰੇਕ ਜਾਇਦਾਦ ਦੀ ਜਾਂਚ ਕਰਵਾਉਣ ਲਈ ਤਿਆਰ ਹੈ ਪਰ ਨਾਲ ਹੀ ਇਨ੍ਹਾ ਸਾਰਿਆਂ ਲੀਡਰਾਂ, ਮੰਤਰੀਆਂ, ਸਾਬਕਾ ਮੁੱਖ ਮੰਤਰੀ,ਪ੍ਰਧਾਨ ਮੰਤਰੀ, ਵੱਡੀ ਅਫਸਰ ਸਾਹੀ ਦੀ ਜਾਂਚ ਵੀ ਉਨ੍ਹਾ ਏਜੰਸੀਆਂ ਵੱਲੋਂ ਕਰਵਾਈ ਜਾਵੇ ਜਿਹੜੀਆਂ ਏਜੰਸੀਆਂ ਨੇ ਕਿਸਾਨਾਂ ਦੀਆਂ ਜਾਇਦਾਦਾਂ ਦੀ ਜਾਂਚ ਕਰਨੀ ਹੈ ਅਤੇ ਜਿਹੜਾ ਵੀ ਦੋਸ਼ੀ ਪਾਇਆ ਜਾਂਦਾ ਹੈ ਉਸ ਦੀ ਜਾਇਦਾਦ ਜ਼ਬਤ ਕਰਕੇ ਆਮ ਲੋਕਾਂ ਵਿੱਚ ਵੰਡੀ ਜਾਵੇ ਕਿਉਂਕਿ ਇਨ੍ਹ ਵੱਲੋਂ ਬਣਾਈਆਂ ਜਾਇਦਾਦਾਂ ਉਨ੍ਹ ਲੋਕਾਂ ਦੇ ਖੂਨ ਪਸੀਨੇ ਦੀ ਕਮਾਈ ਤੋ ਬਣਾਈਆਂ ਹਨ ਜੋ ਸਾਰਾ ਦਿਨ ਮਿੱਟੀ ਨਾਲ ਮਿੱਟੀ ਹੋ ਕੇ ਸਖਤ ਮਿਹਨਤ ਕਰ ਕੇ ਬਣਾਉਂਦਾ ਹੈ। ਜੋ ਵੀ ਦੋਸ਼ੀ ਪਾਇਆ ਜਾਂਦਾ ਹੈ ਉਸ ਉੱਪਰ ਸਖਤ ਕਾਰਵਾਈ ਕਰਕੇ ਸਖਤ ਤੋ ਸਖਤ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਮੋਦੀ ਸਰਕਾਰ, ਤੇ ਪੰਜਾਬ ਸਰਕਾਰ ਝੋਨੇ ਦੀ ਲਿਫਟਿੰਗ ਨੂੰ ਲੈਕੇ ਫੇਲ ਹੋਈ ਹੈ ਕਿਸਾਨ ਇਕ ਮਹੀਨੇ ਤੋਂ ਮੰਡੀਆਂ ਵਿੱਚ ਰੁਲ ਰਿਹਾ ਹੈ। ਸ਼ੈਲਰ ਮਾਲਕਾਂ ਵੱਲੋਂ ਤੇ ਆੜਤੀਆਂ ਵੱਲੋਂ ਕਿਸਾਨ ਨੂੰ ਕੁਵਿੰਟਲ ਤੇ 200 ਰੁਪਏ ਕੱਟ ਲਗਾ ਕੇ ਝੋਨਾ ਲੈ ਰਹੇ ਹਨ।ਇਸ ਬਾਰੇ ਕਿਸੇ ਮੰਤਰੀ ਦਾ ਬਿਆਨ ਨਹੀਂ ਆਇਆ। ਕਿਸਾਨ ਮਜ਼ਦੂਰ ਸਘੰਰਸ਼ ਕਮੇਟੀ ਵੱਲੋਂ ਸਾਝੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਅਸੀਂ ਕਿਸਾਨ ਮਜ਼ਦੂਰ ਦੀ ਹੱਕੀ ਮੰਗਾਂ ਖਾਤਰ ਲੜਦੇ ਰਹਾਂਗੇ।ਇਸ ਮੌਕੇ ਸਕੱਤਰ ਹਰਪ੍ਰੀਤ ਸਿੰਘ ਭੁੱਚਰ, ਮਲਕੀਤ ਸਿੰਘ ਬਘਿਆੜੀ, ਸੁਖਵੰਤ ਸਿੰਘ ਗੰਡੀਵਿੰਡ, ਸੁਖਚਰਨਜੀਤ ਸਿੰਘ, ਕਸ਼ਮੀਰ ਸਿੰਘ ਸੋਹਲ, ਜਸਵਿੰਦਰ ਸਿੰਘ ਛੀਨਾਂ, ਗੁਰਸਾਹਿਬ ਸਿੰਘ, ਡਾ? ਸਤਵਿੰਦਰ ਸਿੰਘ ਸਰਾਂ, ਗੁਰਦੇਵ ਸਿੰਘ ਸਰਾਂ, ਦਲਬਾਗ ਸਿੰਘ ਗੰਡੀਵਿੰਡ,ਰਾਮ ਸਿੰਘ ਕਲਸ,ਵੀਰ ਸਿੰਘ ਕੋਟ,ਰਾਮ ਸਿੰਘ ਕੋਟ, ਮੇਜ਼ਰ ਸਿੰਘ ਝਬਾਲ,ਅਮਰੀਕ ਸਿੰਘ ਝਬਾਲ, ਮਹਿੰਦਰ ਸਿੰਘ ਭੋਜੀਆ, ਨਿਸ਼ਾਨ ਸਿੰਘ ਨੂਰਦੀ, ਸਰਬਜੀਤ ਸਿੰਘ ਨੂਰਦੀ ਤੇ ਹੋਰ ਬਹੁਤ ਵੱਡੀ ਗਿਣਤੀ ਵਿਚ ਕਿਸਾਨ ਮਜ਼ਦੂਰ ਜਥੇਬੰਦੀਆਂ ਦੇ ਆਗੂ ਹਾਜ਼ਰ ਸਨ।

# ਨਥਾਣਾ ਦੇ ਪੱਤਰਕਾਰਾਂ ਦੀ ਹੋਈ ਇਕੱਤਰਤਾ, ਵੱਖ ਵੱਖ ਮੁੱਦਿਆਂ ਉੱਤੇ ਹੋਈ ਵਿਚਾਰ ਚਰਚਾ ।

ਪੰਜਾਬ ਦਾ ਖੁਲਾਸਾ

ਬਠਿੰਡਾ ,10 ਨਵੰਬਰ (ਰਾਮ ਸਿੰਘ ਕਲਿਆਣ) ਬਠਿੰਡਾ ਜਿਲ੍ਹੇ ਦੇ ਨਥਾਣਾ ਇਲਾਕੇ ਦੇ ਪੱਤਰਕਾਰਾਂ ਦੀ ਇੱਕ ਸਾਂਝੀ



ਇਕੱਤਰਤਾ ਅਨੰਤ ਅਨਾਥ ਆਸ਼ਰਮ ਨਥਾਣਾ ਵਿਖੇ ਹੋਈ। ਜਿਸ ਵਿੱਚ ਹਾਜ਼ਰ ਪੱਤਰਕਾਰਾਂ ਵੱਲੋਂ ਸਮਾਜਿਕ ਮੁੱਦਿਆਂ ਦੇ ਨਾਲ ਨਾਲ ਪੱਤਰਕਾਰਾਂ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਬੱਚਾ ਵਟਾਂਦਰਾ ਕੀਤਾ ਗਿਆ। ਇਸ ਮੌਕੇ ਪੱਤਰਕਾਰਾਂ ਵੱਲੋਂ ਆਪਣੀ ਏਕਤਾ ਬਣਾਉਣ ਲਈ ਆਉਣ ਵਾਲੇ ਸਮੇਂ ਵਿੱਚ "ਪ੍ਰੈਸ ਕਲੱਬ ਨਥਾਣਾ" ਬਣਾਉਣ ਲਈ ਆਪਣੀ ਸਹਿਮਤੀ ਦਿੱਤੀ ਗਈ। ਜਿਸ ਸਬੰਧੀ ਨਥਾਣਾ ਇਲਾਕੇ ਦੇ ਪੱਤਰਕਾਰਾਂ ਦੀ ਅਗਲੀ ਮੀਟਿੰਗ 17 ਨਵੰਬਰ ਦਿਨ ਐਤਵਾਰ ਸ਼ਾਮ 4 ਵਜੇ ਰੱਖੀ ਗਈ ਹੈ। ਜਿਸ ਵਿੱਚ ਬਾਕੀ ਸਾਥੀਆ ਦੀ ਸਹਿਮਤੀ ਉਪਰੰਤ "ਪ੍ਰੈਸ ਕਲੱਬ ਨਥਾਣਾ ਦੀ ਜਨਰਲ ਬਾਡੀ ਦਾ ਐਲਾਨ ਕੀਤਾ ਜਾਵੇਗਾ। ਇਸ ਉਪਰੰਤ ਸੁਸਾਇਟੀ ਐਕਟ 1860 ਤਹਿਤ ਪ੍ਰੈਸ ਕਲੱਬ ਨਥਾਣਾ ਨੂੰ ਰਜਿਸਟਰਡ ਕਰਵਾਇਆ ਜਾਵੇਗਾ ਅਤੇ ਪੱਤਰਕਾਰਾਂ ਅਤੇ ਸਮਾਜ ਦੇ ਭਲਾਈ ਦੇ ਕਾਰਜ ਆਰੰਭ ਕੀਤੇ ਜਾਣਗੇ। ਇਸ ਮੌਕੇ ਹਰਪ੍ਰੀਤ ਮਦੇਸਾ, ਗੁਰਦਰਸ਼ਨ ਸਿੰਘ ਲੁੱਧੜ, ਸੁਰਜੀਤ ਸਿੰਘ ਬੱਜੋਆਣੀਆ, ਚਰਨਜੀਤ ਸਿੰਘ ਸਿੱਧੂ, ਭਗਵਾਨ ਦਾਸ ਗਰਗ, ਜਗਦੀਸ ਸਰਮਾ ਅਤੇ ਰਾਮ ਸਿੰਘ ਕਲਿਆਣ ਪੱਤਰਕਾਰ ਹਾਜ਼ਰ ਸਨ।

# ਸਤਾਰ੍ਹਵੇਂ ਐਤਵਾਰ ਵੀ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੇ ਕੈਬਨਿਟ ਮੰਤਰੀ ਦੇ ਘਰ ਅੱਗੇ ਕੀਤਾ ਰੋਸ ਪ੍ਰਦਰਸ਼ਨ

ਪੰਜਾਬ ਦਾ ਖੁਲਾਸਾ

ਫਰੀਦਕੋਟ , 10 ਨਵੰਬਰ ( ਮਨਪ੍ਰੀਤ ਮੋਨੂੰ )– ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਨੇ ਯੂਨੀਅਨ ਦੀ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਦੀ ਅਗਵਾਈ ਹੇਠ ਆਪਣੀਆਂ ਮੰਗਾਂ ਤੇ ਮਸਲਿਆਂ ਨੂੰ ਲੈ ਕੇ ਅੱਜ ਫਰੀਦਕੋਟ ਵਿਖੇ



ਕੈਬਨਿਟ ਮੰਤਰੀ ਡਾਕਟਰ ਬਲਜੀਤ ਕੌਰ ਦੇ ਘਰ ਅੱਗੇ ਸਤਾਰਵੇਂ ਐਤਵਾਰ ਵੀ ਰੋਸ ਪ੍ਰਦਰਸ਼ਨ ਕੀਤਾ । ? ਵੱਡੀ ਗਿਣਤੀ ਵਿੱਚ ਇਕੱਤਰ ਹੋਈਆਂ ਵਰਕਰਾਂ ਤੇ ਹੈਲਪਰਾਂ ਨੇ ਕੈਬਨਿਟ ਮੰਤਰੀ ਅਤੇ ਪੰਜਾਬ ਸਰਕਾਰ ਦੇ ਖਿਲਾਫ ਜੋਰਦਾਰ ਨਾਹਰੇਬਾਜੀ ਕੀਤੀ । ਵੱਖ ਵੱਖ ਆਗੂਆਂ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਆਂਗਣਵਾੜੀ ਸੈਂਟਰਾਂ ਵਿੱਚੋਂ 2017 ਤੋਂ ਖੋਹੇ ਗਏ ਬੱਚੇ ਵਾਪਸ ਸੈਂਟਰਾਂ ਵਿੱਚ ਭੇਜੇ ਜਾਣ , ਆਂਗਣਵਾੜੀ ਵਰਕਰਾਂ ਨੂੰ ਪ੍ਰੀ ਨਰਸਰੀ ਟੀਚਰ ਦਾ ਦਰਜਾ ਦਿੱਤਾ ਜਾਵੇ , ਆਂਗਣਵਾੜੀ ਸੈਂਟਰਾਂ ਵਿੱਚ ਆ ਰਿਹਾ ਰਾਸ਼ਨ ਦਾ ਠੇਕਾ ਪ੍ਰਾਈਵੇਟ ਕੰਪਨੀਆਂ ਤੋਂ ਰੱਦ ਕਰਕੇ ਸਰਕਾਰੀ ਅਦਾਰਿਆਂ ਰਾਹੀਂ ਸਪਲਾਈ ਕੀਤਾ ਜਾਵੇ , ਆਂਗਣਵਾੜੀ ਵਰਕਰਾਂ ਨੂੰ ਸਮਾਰਟ ਫੋਨ ਮੁਹੱਈਆ ਕਰਵਾਏ ਜਾਣ ।


ਇਸ ਤੋਂ ਇਲਾਵਾ ਯੂਨੀਅਨ ਦੇ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਦੀਆਂ ਖਤਮ ਕੀਤੀਆਂ ਗਈਆਂ ਸੇਵਾਵਾਂ ਨੂੰ ਤੁਰੰਤ ਬਹਾਲ ਕੀਤਾ ਜਾਵੇ । ਇਸ ਤੋਂ ਪਹਿਲਾਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੇ ਭੁੱਖ ਹੜਤਾਲ ਰੱਖ ਕੇ ਚੌਪਿਹਰਾ ਸਾਹਿਬ ਦਾ ਪਾਠ ਕੀਤਾ । ਆਗੂਆਂ ਨੇ ਇਹ ਵੀ ਕਿਹਾ ਕਿ ਗੂੰਗੀ ਬੋਲੀ ਪੰਜਾਬ ਸਰਕਾਰ ਨੂੰ ਜਗਾਉਣ ਲਈ ਯੂਨੀਅਨ ਦੀ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਵੱਲੋਂ 12 ਨਵੰਬਰ ਤੋਂ ਡਿਪਟੀ ਕਮਿਸ਼ਨਰ ਦਫ਼ਤਰ ਸ੍ਰੀ ਮੁਕਤਸਰ ਸਾਹਿਬ ਅੱਗੇ ਮਰਨ ਵਰਤ ਰੱਖਿਆ ਜਾਵੇਗਾ ।

ਇਸ ਮੌਕੇ ਸ਼ਿੰਦਰਪਾਲ ਕੌਰ ਥਾਂਦੇਵਾਲਾ, ਗੁਰਮੀਤ ਕੌਰ ਦਬੜੀਖਾਨਾ, ਸ਼ਰਨਜੀਤ ਕੌਰ ਫਰੀਦਕੋਟ, ਸਰਬਜੀਤ ਕੌਰ ਫਰੀਦਕੋਟ , ਪਰਮਜੀਤ ਕੌਰ ਰੁਲਦੂ ਸਿੰਘ , ਜਸਵਿੰਦਰ ਕੌਰ ਹਰੀ ਨੌਂ , ਅੰਮ੍ਰਿਤ ਪਾਲ ਕੌਰ ਹਰੀ ਨੌਂ , ਬਲਜੀਤ ਕੌਰ ਹਰੀ ਨੌਂ , ਵੀਰਪਾਲ ਕੌਰ ਭਾਗਸਰ , ਪਰਵਿੰਦਰ ਕੌਰ ਪੱਕਾ ਕਲਾਂ , ਇੰਦਰਜੀਤ ਕੌਰ ਘੁੱਦਾ , ਵੀਰਪਾਲ ਕੌਰ ਰੁਲਦੂ ਵਾਲਾ , ਪਰਮਜੀਤ ਕੌਰ ਦਬੜੀਖਾਨਾ ਤੇ ਮਧੂ ਬਾਲਾ ਮੁਕਤਸਰ ਆਦਿ ਆਗੂ ਮੌਜੂਦ ਸਨ ।

# ਹਰ ਘਰ ਵਿੱਚ ਸ਼ਰਾਬ ਨਹੀਂ ਕਿਤਾਬ ਹੋਣੀਂ ਚਾਹੀਦੀ ਹੈ :- ਸ਼ਾਇਰ ਮੱਖਣ ਬਰਾੜ

ਪੰਜਾਬ ਦਾ ਖੁਲਾਸਾ

ਬਾਘਾਪੁਰਾਣਾ, 10 ਨਵੰਬਰ ( ਮਨਪ੍ਰੀਤ ਮੋਨੂੰ )- ਸਾਹਿਤ ਜਗਤ ਦੀ ਮਹਾਨ ਸ਼ਖ਼ਸੀਅਤ ਉੱਘੇ ਸ਼ਾਇਰ ਅਤੇ ਗੀਤਕਾਰ ਮੱਖਣ ਬਰਾੜ ਨੇ ਪਿੰਡ ਲੰਗੇਆਣਾ ਕਲਾਂ ਵਿਖੇ ਚੱਲ ਰਹੀ ਤਾਈ ਨਿਹਾਲੀ ਪੰਜਾਬੀ ਲਾਇਬ੍ਰੇਰੀ ਵਿਖੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਅਤੇ ਉਨ੍ਹਾਂ ਜਿੱਥੇ ਸਾਹਿਤ ਜਗਤ ਬਾਰੇ ਅਤੇ ਆਪਣੀ ਸ਼ਾਇਰੀ ਦੀ ਜਲਦੀ ਹੀ ਪੁਸਤਕ ਪ੍ਰਕਾਸ਼ਿਤ ਕਰਵਾਉਣ ਬਾਬਤ ਵਿਚਾਰਾਂ ਸਾਂਝੀਆਂ ਕੀਤੀਆਂ ਉੱਥੇ ਉਨ੍ਹਾਂ ਕਿਹਾ ਕਿ ਸਾਹਿਤ ਦੇ ਪ੍ਰਚਾਰ ਅਤੇ ਪਸਾਰ ਲਈ ਪਿੰਡਾਂ, ਸ਼ਹਿਰਾਂ ਵਿੱਚ ਚੱਲ ਰਹੀਆਂ ਲਾਇਬ੍ਰੇਰੀਆਂ ਸਾਹਿਤ ਦੇ ਪ੍ਰਚਾਰ ਲਈ ਰੋਲ ਮਾਡਲ ਬਣ ਕੇ ਆਪਣੀਆਂ ਸੇਵਾਵਾਂ ਅਦਾ ਕਰ ਰਹੀਆਂ ਹਨ। ਲਾਇਬ੍ਰੇਰੀ ਦਾ ਹਰੇਕ ਜਗ੍ਹਾ ਹੋਣਾਂ ਬਹੁਤ ਜ਼ਰੂਰੀ ਹੈ ਉਨ੍ਹਾਂ ਅੱਗੇ ਕਿਹਾ ਕਿ ਹਰੇਕ ਘਰ ਵਿੱਚ ਸ਼ਰਾਬ ਨਹੀਂ ਕਿਤਾਬ ਹੋਣੀਂ ਚਾਹੀਦੀ ਹੈ ਕਿਤਾਬਾਂ ਪੜ੍ਹਨ ਨਾਲ ਜਿੱਥੇ ਸਾਡੇ ਗਿਆਨ ਵਿੱਚ ਵਾਧਾ ਹੁੰਦਾ ਹੈ ਉੱਥੇ ਇੱਕ ਟਾਇਮ ਪਾਸ ਕਰਨ ਅਤੇ ਦਿਮਾਗੀ ਗਿਆਨ ਵਧਾਉਣ ਦਾ ਜ਼ਰੀਆ ਹਨ ਸੋ ਅੱਜ ਦੇ ਸਮੇਂ ਵਿੱਚ ਸਾਡੇ ਉਪਰ ਦਿਨੋਂ ਦਿਨ ਭਾਰੂ ਹੁੰਦੇ ਜਾ ਰਹੇ ਸੋਸ਼ਲ ਮੀਡੀਏ ਨੂੰ ਲਾਂਭੇ ਰੱਖ



ਕੇ ਵੱਧ ਤੋਂ ਵੱਧ ਸਾਹਿਤਕ ਕਿਤਾਬਾਂ ਪੜ੍ਹਨੀਆਂ ਚਾਹੀਦੀਆਂ ਹਨ ਉਨ੍ਹਾਂ ਨੌਜਵਾਨ ਵਰਗ ਅਤੇ ਨੰਨ੍ਹੇ ਮੁੰਨੇ ਬੱਚਿਆਂ ਨੂੰ ਪੁਰਜ਼ੋਰ ਅਪੀਲ ਕਰਦੇ ਹੋਏ ਕਿਹਾ ਹੈ ਕਿ ਪੜ੍ਹਾਈ ਦੇ ਨਾਲ ਨਾਲ ਸਾਹਿਤਕ ਕਿਤਾਬਾਂ ਜ਼ਰੂਰ ਪੜ੍ਹਨ ਅਤੇ ਨਸ਼ਿਆਂ ਵਰਗੀਆਂ ਭੈੜੀਆਂ ਅਲਾਮਤਾਂ ਤੋਂ ਹਮੇਸ਼ਾ ਦੂਰ ਰਹਿਣ। ਇਸ ਮੌਕੇ ਲਾਇਬ੍ਰੇਰੀ ਪ੍ਰਬੰਧਕ ਡਾ ਸਾਧੂ ਰਾਮ ਲੰਗੇਆਣਾ ਨੇ ਗੀਤਕਾਰ ਮੱਖਣ ਬਰਾੜ ਨੂੰ ਆਪਣਾ ਨਵ ਪ੍ਰਕਾਸ਼ਿਤ ਤਰਕਸ਼ੀਲ ਬਾਲ ਸਾਹਿਤ ਨਾਵਲ ਭੂਤਾਂ ਦੇ ਸਿਰਨਾਵੇਂ ਭੇਂਟ ਕਰਕੇ ਖ਼ੁਸ਼ੀਆਂ ਦੇ ਇਜ਼ਹਾਰ ਸਾਂਝੇ ਕੀਤੇ। ਇਸ ਮੌਕੇ ਸਤਨਾਮ ਸ਼ਰਮਾਂ, ਮਲਕੀਤ ਥਿੰਦ, ਲਾਡੀ ਸ਼ਰਮਾਂ ਵੀ

# ਸ੍ਰੀ ਖਾਟੂ ਸ਼ਾਮ ਜੀ ਦਾ ਜਨਮ ਉਤਸਵ ਬੜੀ ਹੀਂ ਸ਼ਰਧਾ ਨਾਲ ਮਨਾਇਆ ਗਿਆ

## ਗਾਇਕ ਕੁਛ ਕੱਨਈਆ ਵੱਲੋਂ ਸੁੰਦਰ ਸੁੰਦਰ ਭਜਨ ਸੁਣਾ ਕੇ ਭਗਤਾਂ ਨੂੰ ਖੂਬ ਨਚਾਇਆ ਗਿਆ

ਪੰਜਾਬ ਦਾ ਖੁਲਾਸਾ

ਭੀਖੀ,10 ਨਵੰਬਰ ( ਕਮਲ ਜਿੰਦਲ )- ਸ੍ਰੀ ਖਾਟੂ ਸ਼ਾਮ ਸੇਵਾ ਮੰਡਲ ਐਂਡ ਵੈਲਫੇਅਰ ਕਮੇਟੀ ਭੀਖੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ੍ਰੀ ਖਾਟੂ ਜੀ ਦਾ ਜਨਮ ਉਤਸਵ ਬੜੀ ਹੀ ਸ਼ਰਧਾ ਪੂਰਵਕ ਮਨਾਇਆ ਗਿਆ ਜਿਸ ਵਿੱਚ ਬਾਬਾ ਖਾਟੂ ਸ਼ਾਮ ਜੀ ਦੀ ਨਿਸ਼ਾਨ ਯਾਤਰਾ ਪੂਰੇ ਸ਼ਹਿਰ ਵਿੱਚ ਨਿਕਾਲੀ ਗਈ ਕੱਢੀ ਗਈ ਅਤੇ 9 ਤਰੀਕ ਦਿਨ ਸ਼ਨੀਵਾਰ ਨੂੰ ਰਾਤ ਦੇ ਸਮੇਂ ਬਾਬਾ ਖਾਟੂ ਸ਼ਾਮ ਜੀ ਦਾ ਜਾਗਰਣ ਗਊਸ਼ਾਲਾ ਸੁਨਾਮ ਰੋਡ ਭੀਖੀ ਵਿਖੇ ਕਰਵਾਇਆ ਗਿਆ ਇਸ ਜਾਗਰਣ ਵਿੱਚ ਗੁਣਗਾਨ ਕਰਨ ਲਈ ਟੀਵੀ ਕਲਾਕਾਰ ਕੁਛ ਕੱਨਈਆ ਅਤੇ ਸਟੇਜ ਸੈਕਟਰੀ ਪੁਨੀਤ ਗੋਇਲ ਪਹੁੰਚੇ ਕੁਛ ਕੱਨਈਆ ਵੱਲੋਂ ਬਾਬਾ ਸ਼ਾਮ ਜੀ ਦੇ ਸੁੰਦਰ ਸੁੰਦਰ ਭਜਨ ਸੁਣਾ ਕੇ ਭਗਤਾਂ ਨੂੰ ਖੂਬ ਭਗਤੀ ਵਿੱਚ ਰੰਗਿਆ ਗਿਆ ਅਤੇ ਸੁੰਦਰ ਸੁੰਦਰ ਭਜਨਾਂ ਰਾਹੀਂ ਖੂਬ ਨਚਾਇਆ ਗਿਆ ਇਸ ਮੌਕੇ ਮੰਦਰ ਕਮੇਟੀ ਦੁਆਰਾ ਜਾਗਰਣ ਹਾਲ ਅਤੇ ਬਾਬਾ ਖਾਟੂ ਸ਼ਾਮ ਜੀ ਦਾ ਸ਼ਿੰਗਾਰ ਬਹੁਤ ਹੀ ਸੁੰਦਰ ਤਰੀਕੇ ਨਾਲ ਸਜਾਇਆ ਹੋਇਆ ਸੀ। ਬਾਬਾ ਜੀ ਦੇ ਜਾਗਰਣ ਵਿੱਚ ਪਹੁੰਚਿਆ ਹੋਏ ਭਗਤਾਂ ਲਈ ਮੰਦਰ ਕਮੇਟੀ ਦੁਆਰਾ ਲੰਗਰ ਦਾ ਪ੍ਰਬੰਧ ਵੀ ਕੀਤਾ ਹੋਇਆ ਸੀ ਲੰਗਰ ਵਰਤਾਉਣ ਦੀ ਸੇਵਾ ਸ੍ਰੀ ਨੈਣਾ ਦੇਵੀ ਮੰਡਲ ਕਮੇਟੀ ਭਿੱਖੀ ਦੁਆਰਾ ਕੀਤੀ ਗਈ ਭਗਤਾਂ ਦੇ ਜੁੱਤੇ ਘਰ ਦੀ ਸੇਵਾ ਸ੍ਰੀ ਰਵਿਦਾਸ ਮੰਦਰ ਕਮੇਟੀ ਦੁਆਰਾ ਕੀਤੀ ਗਈ ਇਸ ਮੌਕੇ ਤੇ ਪਹੁੰਚੇ ਹੋਏ ਸਾਰੇ ਭਗਤਾਂ ਦਾ ਮੰਦਰ ਕਮੇਟੀ ਦੇ ਪ੍ਰਧਾਨ ਰਵਿੰਦਰ ਗਰਗ, ਸੈਕਟਰੀ ਸਮਿਤ ਕੁਮਾਰ ਅਤੇ ਖਜਾਨਚੀ ਰਾਜੀਵ ਗਰਗ ਨੇ ਧੰਨਵਾਦ ਕੀਤਾ। ਇਸ ਕਮੇਟੀ ਮੈਂਬਰ



ਅਸ਼ੋਕ ਕੁਮਾਰ ਬੱਗਾ, ਅਮਿਤ ਕੁਮਾਰ ਮਹਿਤਾ, ਪੁਰਸ਼ੋਤਮ ਕੁਮਾਰ ਬਿੱਲੂ, ਬੇਅੰਤ ਸਿੰਗਲਾ, ਪ੍ਰਦੀਪ ਕੁਮਾਰ, ਨਰੇਸ਼ ਕੁਮਾਰ, ਜਤਿੰਦਰ ਕੁਮਾਰ, ਮਨੀਸ਼ ਜਿੰਦਲ , ਗੁਲਸ਼ਨ ਕੁਮਾਰ ਬੱਲੀ, ਸੁਰੇਸ਼ ਕੁਮਾਰ ਸ਼ਸ਼ੀ, ਗੁਰਦੀਪ ਸ਼ਾਰਦਾ, ਰਮਨੀਕ ਸਿੰਗਲਾ, ਜੋਨੀ ਗੋਇਲ, ਜਤਿੰਦਰ ਬਾਸਲ,ਰਾਹੁਲ ਗਰਗ, ਨਵੀਨ ਜਿੰਦਲ, ਮਨੋਜ ਕੁਮਾਰ ,ਕਰਨ ਗਰਗ, ਕ੍ਰਿਸ਼ਨ ਕੁਮਾਰ, ਵਿੱਕੀ ਗਰਗ ,ਦੀਪਕ ਕੁਮਾਰ, ਅਮਨ ਮਿੱਤਲ, ਮਨਪ੍ਰੀਤ ਮਨੀ, ਹਿਮਾਂਸ਼ੂ ਗਰਗ, ਗਿਰਧਾਰੀ ਲਾਲ, ਸਿੰਟੂ ਕੁਮਾਰ, ਰਾਜੇਸ਼ ਕੁਮਾਰ, ਵਿਪਨ ਕੁਮਾਰ ਅਤੇ ਮਹਿਲਾ ਮੰਡਲ ਅਤੇ ਬਾਲ ਦਲ ਦੇ ਮੈਂਬਰ ਅਤੇ ਵੱਡੀ ਗਿਣਤੀ ਵਿੱਚ ਭਗਤ ਪਹੁੰਚੇ ਹੋਏ ਸਨ।

# ਫਰੀਡਮ ਫਾਇਟਰ ਉਤਰਾਧਿਕਾਰੀ ਜਥੇਬੰਦੀ ਦੀ ਮਹੀਨਾ ਵਾਰ ਮੀਟਿੰਗ ਹੋਈ

ਪੰਜਾਬ ਦਾ ਖੁਲਾਸਾ

ਸ੍ਰੀ ਮੁਕਤਸਰ ਸਾਹਿਬ, 10 ਨਵੰਬਰ (ਪਰਮਜੀਤ ਬੇਦੀ) ਫਰੀਡਮ ਫਾਇਟਰ ਉਤਰਾਧਿਕਾਰੀ ਜਥੇਬੰਦੀ ਪੰਜਾਬ ਰਜਿ.196 ਦੀ ਜਿਲਾ ਇਕਾਈ ਸ੍ਰੀ ਮੁਕਤਸਰ ਸਾਹਿਬ ਦੀ ਮਹੀਨਾ ਵਾਰ ਮੀਟਿੰਗ ਜਿਲਾ ਪ੍ਰਧਾਨ ਨਿਰਮਲ ਸਿੰਘ ਮਲੋਟ ਦੀ ਯੋਗ ਅਗਵਾਈ ਹੇਠ ਡੀ ਸੀ ਦਫਤਰ ਦੇ ਮੀਟਿੰਗ ਹਾਲ ਸ੍ਰੀ ਮੁਕਤਸਰ ਸਾਹਿਬ ਵਿਖੇ ਹੋਈ ਪ੍ਰੈਸ ਨਾਲ ਗੱਲ ਬਾਤ ਦੁਰਾਨ ਜਿਲਾ ਪ੍ਰਧਾਨ ਮਲੋਟ ਨੇ ਕਿਹਾ ਕਿ ਇਸ ਮੀਟਿੰਗ ਵਿੱਚ ਜਥੇਬੰਦੀ ਦੇ ਸੂਬਾ ਪ੍ਰਧਾਨ ਚੇਤਿੰਨ ਸਿੰਘ ਸੇਖੋਂ ਅਤੇ ਸੂਬਾ ਜਰਨਲ ਸਕੱਤਰ ਰਵਿੰਦਰ ਸਿੰਘ ਨੰਗਲਾਂ ਵਿਸ਼ੇਸ਼ ਤੌਰ ਤੇ ਪਹੁੰਚੇ ਮੀਟਿੰਗ ਵਿੱਚ ਆਪਣੇ ਹੱਕਾ ਪ੍ਰਤੀ ਵਿਚਾਰ ਵਿਟਾਂਦਰਾ ਕਰਦਿਆਂ ਸੂਬਾ ਪ੍ਰਧਾਨ ਚੇਤਿੰਨ ਸਿੰਘ ਸੇਖੋਂ ਨੇ ਕਿਹਾ ਕਿ ਲੱਗ ਭੱਗ ਪੌਣੀ ਸਦੀ ਬੀਤਣ ਤੇ ਅੱਜਤੱਕ ਇੰਨਾ ਰਾਜਸੀ ਪਾਰਟੀਆਂ ਨੇ ਸੱਤਾ ਤੇ ਕਾਬਜ ਹੋ ਕੇ ਸਹੀਦਾਂ ਦੇ ਬੁੱਤਾਂ ਨੂੰ ਹੀ ਪੂਜਿਆ ਹੈ ਕਿਉਂਕਿ ਬੁੱਤ ਬੋਲਦੇ ਨਹੀਂ ਅਤੇ ਨਾ ਕੁਝ ਮੰਗਦੇ ਹਨ ਇਸ ਤਰ੍ਹਾਂ ਹੀ ਸਹੀਦ ਭਗਤ ਸਿੰਘ ਦੇ ਪਿੰਡ ਤੋਂ ਸੰਹੋ ਚੁੱਕ ਕੇ ਆਪਣਾਂ ਕਾਰਜ ਕਾਲ ਸੰਭਾਲਣ ਵਾਲੀ ਮਾਨ ਸਰਕਾਰ 32/33 ਮਹੀਨਿਆਂ ਦਾ ਰਾਜ ਕਰ ਚੁੱਕੀ ਹੈ ਪਰ ਅੱਜ ਤੱਕ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਕੋਲ ਦੇਸ਼ ਭਗਤਾਂ ਦੇ ਵਾਰਸਾਂ ਨਾਲ ਮੀਟਿੰਗ ਕਰਨ ਦਾ ਸਮਾਂ ਨਹੀਂ ਹੈ ਸੂਬਾ ਪ੍ਰਧਾਨ ਨੇ ਕਿਹਾ ਕਿ ਜਿਹੜੀ ਸਰਕਾਰ ਸਹੀਦਾਂ ਦੀਆਂ ਕੁਰਬਾਨੀਆਂ ਨੂੰ ਭੁੱਲ ਜਾਂਦੀ ਹੈ ਉਸਦਾ ਵਜੂਦ ਬਾਲਾ ਚਿਰ ਕਇਮ ਨਹੀਂ ਰਹਿੰਦਾ ਜਿਸ ਦਾ ਖਮਿਆਜਾ ਲੋਕ ਸਭਾ ਦੀਆਂ ਚੋਣਾਂ ਵਿੱਚ ਮਾਨ ਸਰਕਾਰ ਨੂੰ ਭੁਗਤਨਾ ਪਿਆ ਸੂਬਾ ਜਰਨਲ ਸਕੱਤਰ ਰਵਿੰਦਰ ਸਿੰਘ ਨੰਗਲਾਂ ਨੇ ਕਿਹਾ ਕਿ ਪੰਜਾਬ ਦੇ ਚਾਰ ਵਿਧਾਨ ਸਭਾ ਦੇ ਹਲਕਿਆਂ ਵਿੱਚ ਇੰਨਾਂ ਰਾਜਸੀ ਪਾਰਟੀਆਂ ਦਾ ਪੱਬਾਂ ਭਾਰ ਜੋਰ ਲੱਗ ਰਿਹਾ ਹੈ ਪਰ ਜਿੰਨਾ ਦੇਸ਼ ਭਗਤਾਂ ਦੇ ਖੂਨ ਅਤੇ ਪਸੀਨੇ ਨਾਲ ਵਿਧਾਨ ਸਭਾ ਦੀਆਂ ਨੀਹਾਂ ਪੱਕੀਆਂ ਹੋਈਆਂ ਹਨ ਉਨ੍ਹਾਂ ਵਾਰਸਾਂ ਦੇ ਹੱਕਾਂ ਲਈ ਇੰਨਾ ਰਾਜਸੀ ਪਾਰਟੀਆਂ ਦੀ ਜੁਬਾਨ ਬੰਦ ਹੈ ਜੋ ਕਿ ਬਰਦਾਸ਼ਤ ਤੋਂ ਬਾਹਰ ਹੈ ਉਨ੍ਹਾਂ ਮਾਨ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਚੋਣਾਂ ਤੋਂ ਬਾਅਦ ਮੁੱਖ ਮੰਤਰੀ ਜਥੇਬੰਦੀ ਦੇ ਆਗੂਆਂ ਨਾਲ ਮੀਟਿੰਗ ਕਰਨ ਨਹੀਂ ਆਉਣ ਵਾਲੀ ਗਣਤੰਤਰ ਦਿਵਸ ਤੋਂ ਪਹਿਲਾਂ ਦੇਸ਼ ਭਗਤਾਂ ਦੇ ਵਾਰਸ ਸੰਘਰਸ਼ ਵਿੱਢਣ ਲਈ ਮਜ਼ਬੂਰ ਹੋਣਗੇ ਜਿਸ ਦੀ ਜਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਸੰਧੂ ਸਟੇਟ ਬਾਡੀ ਮੈਂਬਰ ਜਸਕਰਨ ਸਿੰਘ ਬੁੱਟਰ ਨੇ ਆਏ ਹੋਏ ਸੂਬਾ ਆਗੂਆਂ ਦਾ ਧੰਨਵਾਦ ਕੀਤਾ ਅਤੇ ਜੀ ਆਇਆਂ ਆਖਿਆ ਮੀਟਿੰਗ ਵਿੱਚ ਪਾਹੁੰਚੇ ਨਿਰਭੈ ਸਿੰਘ ਜਿਲਾ ਪ ?ਧਾਨ , ਬਲਦੇਵ ਸਿੰਘ ਜਰਨਲ ਸਕੱਤਰ ਬਠਿੰਡਾ, ਰਾਮਪਾਲ ਸਿੰਘ ਪੰਨੂੰ ਜਿਲਾ ਪ ?ਧਾਨ, ਪਰਮਜੀਤ ਸਿੰਘ ਜਰਨਲ ਸਕੱਤਰ ਸ੍ਰੀ ਅੰਮ੍ਰਿਤਸਰ, ਅਮਰਜੀਤ ਸਿੰਘ ਸਕੱਤਰ ਬਰਨਾਲਾ, ਜਿਲਾਂ ਸ੍ਰੀ ਮੁਕਤਸਰ ਸਾਹਿਬ ਤੋ ਮੀਤ ਪ੍ਰਧਾਨ ਜਗਪ੍ਰੀਤ ਸਿੰਘ ਛਾਬੜਾ, ਜਨਰਲ ਸੱਕਤਰ ਬਲਜਿੰਜਰ ਸਿੰਘ ਮਧੀਰ, ਜਿਲਾਂ ਖਜਾਨਚੀ ਕੁਲਵੰਤ ਸਿੰਘ ਭਲਾਈਆਣਾ, ਸੱਕਤਰ ਸੁਭਾਸ ਬੱਬਰ , ਦਫਤਰ ਇੰਚਾਰਜ ਹਰਿੰਦਰ ਸਿੰਘ ਛਾਬੜਾ ਅਤੇ ਅਮਰਜੀਤ ਸਿੰਘ ਬਾਵਾ , ਬਾਬਾ ਜਗਸੀਰ ਸਿੰਘ ਪਤਲੀ ,ਗੁਰਮੀਤ ਸਿੰਘ ,ਗੁਰਤੇਜ ਸਿੰਘ ਮਲੋਟ,ਕਿਰਪਾਲ ਸਿੰਘ ,ਚਾਨਣ ਸਿੰਘ, ਹਰਦੇਵ ਸਿੰਘ ,ਮੁਖਤਿਆਰ ਸਿੰਘ ,ਸੁਖਦੇਵ ਸਿੰਘ ਵੰਗਲ ,ਰਾਮ ਸਿੰਘ ਮਿੱਡਾ, ਬਲਵਿੰਦਰ ਕੌਰ ਮਿੱਡਾ ਅਤੇ ਮਨਜੀਤ ਕੌਰ ਮੈਂਬਰ ਆਦਿ ।




# ਬਾਬਾ ਸੋਨੀ ਸੇਵਾ ਆਸ਼ਰਮ ਵਿਖੇ ਸਮੂਹਿਕ ਸ਼ਾਦੀਆਂ 23 ਦਸੰਬਰ 2024 ਨੂੰ : ਜਸਵੀਰ ਸ਼ਰਮਾ ਦੱਦਾਹੂਰ

ਪੰਜਾਬ ਦਾ ਖੁਲਾਸਾ

ਸ੍ਰੀ ਮੁਕਤਸਰ ਸਾਹਿਬ, 10 ਨਵੰਬਰ ( ਮਨਪ੍ਰੀਤ ਮੋਨੂੰ ) ਬਾਬਾ ਗੁਰਪ੍ਰੀਤ ਸਿੰਘ ਜੀ ਸੋਨੀ ਰੁਪਾਣੇ ਵਾਲੇ ਜਿਨਾਂ ਨੂੰ ਲੰਗਰਾਂ ਵਾਲੇ ਬਾਬਾ ਜੀ ਕਰਕੇ ਵੀ ਜਾਣਿਆ ਜਾਂਦਾ ਹੈ ਕਰੀਬ ਪਿਛਲੇ 12 ਸਾਲਾਂ ਤੋਂ ਸਾਰੇ ਹੀ ਸਰਕਾਰੀ ਤੇ ਪ੍ਰਾਈਵੇਟ ਹਸਪਤਾਲਾਂ ਦੇ ਮਰੀਜ਼ਾਂ ਲਈ ਔਰ ਉਹਨਾਂ ਦੇ ਵਾਰਸਾਂ ਲਈ ਲੰਗਰ ਦੀ ਸੇਵਾ ਕਰ ਰਹੇ ਹਨ, ਇਸ ਲੰਗਰ ਦੀ ਜੋ ਸੇਵਾ ਹੈ ਉਹ ਪੂਰੇ ਸਮੁੱਚੇ ਇਲਾਕੇ ਦੇ ਲੋਕਾਂ ਦੇ ਸਹਿਯੋਗ ਨਾਲ ਹੀ ਚੱਲ ਰਹੀ ਹੈ। ਇਸ ਤੋਂ ਬਿਨਾਂ ਵੀ ਸ਼੍ਰੀ ਗੰਗਾ ਨਗਰ ਵਿਖੇ ਬਾਬਾ ਸੋਨੀ ਜੀ ਲੰਗਰ ਦੀ ਸੇਵਾ ਸੱਤ ਅੱਠ ਹਸਪਤਾਲਾਂ ਦੇ ਵਿੱਚ ਸੁਬਹਾ ਸ਼ਾਮ ਕਰ ਰਹੇ ਹਨ ਜੋ ਨਿਰਵਿਘਨ ਚਾਲੂ ਹੈ ਇਸ ਤੋਂ ਬਿਨਾਂ ਵੀ ਬਾਬਾ ਜੀ ਹੋਰ ਬਹੁਤ ਸਮਾਜ ਭਲਾਈ ਦੇ ਕੰਮ ਕਰਦੇ ਨੇ ਬੂਟੇ ਲਾਉਣੇ ਕੈਂਪ ਲਾਉਣੇ ਕਦੇ ਕਿਸੇ ਕਬੱਡੀ ਕੈਂਪ ਦੇ ਵਿੱਚ ਜਾਂ ਕੋਈ ਵੀ ਕਿਤੇ ਭਰਤੀ ਕੈਂਪ ਤੇ ਉੱਥੇ ਵੀ ਬਾਬਾ ਜੀ ਖਿੜੇ ਮੱਥੇ ਲੰਗਰ ਦੀ ਸੇਵਾ ਪ੍ਰਵਾਨ ਕਰਦੇ ਆ ਔਰ ਇਹਨੂੰ ਜੀ ਜਾਣ ਨਾਲ ਨਿਭਾਉਂਦੇ ਆ। ਹਰ ਵਾਰ 15 ਅਪ੍ਰੈਲ ਨੂੰ ਜਰੂਰਤਮੰਦ ਬੱਚਿਆਂ ਦੀਆਂ ਸ਼ਾਦੀਆਂ ਬਾਬਾ ਜੀ ਪੂਰਨ ਗੁਰ ਯਾਦਾਂ ਅਨੁਸਾਰ ਕਰਦੇ ਰਹੇ ਹਨ ਪਰ ਇਸ ਵਾਰ ਇਹੀ ਸ਼ਾਦੀਆਂ 23 ਦਸੰਬਰ 2024 ਦਿਨ ਸੋਮਵਾਰ ਨੂੰ ਕੀਤੀਆਂ ਜਾਣਗੀਆਂ



ਗਰਜਵੰਦ ਬੱਚਿਆਂ ਦੇ ਮਾਤਾ ਪਿਤਾ ਨੂੰ ਇਸ ਖਬਰ ਦੇ ਰਾਹੀਂ ਅਪੀਲ ਬੇਨਤੀ ਹੈ ਕਿ ਕਿਸੇ ਵੀ ਗਰਜਵੰਦ ਬੱਚੇ ਦੀ ਸ਼ਾਦੀ ਕਰਨੀ ਹੋਵੇ ਤਾਂ ਉਹ ਬਾਬਾ ਜੀ ਨਾਲ ਉਹਨਾਂ ਦੇ ਫੋਨ ਤੇ 97797 60727 ਤੇ ਸੰਪਰਕ ਕਰ ਸਕਦੇ ਹਨ ਔਰ 23 ਤਰੀਕ ਨੂੰ ਜਿੰਨੇ ਵੀ ਬੱਚਿਆਂ ਦੀਆਂ ਪੰਜ ਹੋ ਜਾਣ ਸੱਤ ਹੋ ਜਾਣ 10 ਹੋ ਜਾਣ ਇਹ ਸ਼ਾਦੀਆਂ ਪੂਰਨ ਗੁਰ ਮਰਿਆਦਾ ਅਨੁਸਾਰ ਕੀਤੀਆਂ ਜਾਣਗੀਆਂ ਔਰ ਇਸ ਯਗ ਦੇ ਵਿੱਚ ਜੋ ਵੀ ਕਿਸੇ ਨੇ ਤਿਲ ਫੁਲ ਭੇਟਾ ਕਰਨਾ ਉਹ ਇਸੇ ਨੰਬਰ ਤੇ ਸੰਪਰਕ ਕਰਕੇ ਬਾਬਾ ਜੀ ਨੂੰ ਕਰ ਸਕਦੇ ਹਨ ਇਸ ਗੱਲ ਦੀ ਬਹੁਤ ਖੁਸ਼ੀ ਹੈ ਕਿ ਬਾਬਾ ਜੀ ਆਪਣੇ ਕੀਮਤੀ ਸਮੇਂ ਚੋਂ ਸਮਾਂ ਕੱਢ ਕੇ ਇਹ ਜਿਹੜਾ ਪੁੰਨ ਦਾ ਕੰਮ ਕਰ ਰਹੇ ਨੇ ਇਹ ਵੀ ਸਾਰੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਹੀ ਨੇਪਰੇ ਚੜਨਾ ਹੈ ਸੋ ਬੇਨਤੀ ਹੈ ਕਿ ਇਸ ਯਗ ਦੇ ਵਿੱਚ ਆਪਣੇ ਸ਼ਰਧਾ ਅਨੁਸਾਰ ਦਾਨ ਪਾਓ ਔਰ ਆਪਣਾ ਜੀਵਨ ਸਫਲਾ ਕਰੋ। ਇਹ ਜਾਣਕਾਰੀ ਪ੍ਰੈਸ ਨਾਲ ਵਿਰਸੇ ਦੇ ਲੇਖਕ ਜਸਵੀਰ ਸ਼ਰਮਾ ਦੱਦਾਹੂਰ ਨੇ ਸਾਂਝੀ ਕੀਤੀ।

# ਜਥੇਬੰਦੀ ਦੀ ਮਹੀਨਾਵਾਰ ਮੀਟਿੰਗ ਹੋਈ

ਪੰਜਾਬ ਦਾ ਖੁਲਾਸਾ

ਸ੍ਰੀ ਮੁਕਤਸਰ ਸਾਹਿਬ, 10 ਨਵੰਬਰ (ਮਨਪ੍ਰੀਤ ਮੋਨੂੰ ) ਦੀ ਖਿਦਰਾਣਾ ਪ੍ਰਾਈਵੇਟ ਕਾਰ ਚਾਲਕ ਲੋਕ ਸੇਵਾ ਸੋਸਾਇਟੀ ਰਜਿਸਟਰਡ 47 78 ਦੀ ਮਹੀਨਾ ਵਾਰ ਮੀਟਿੰਗ ਪ੍ਰਧਾਨ ਪ੍ਰਕਾਸ਼ ਸਿੰਘ ਚੜੇਵਾਨ ਦੀ ਪ੍ਰਧਾਨਗੀ ਹੇਠ ਤਿਲਕ ਨਗਰ ਗਲੀ ਨੰਬਰ ਦੋ ਗੁਰਦੁਆਰਾ ਸਾਹਿਬ ਵਿਖੇ ਹੋਈ ਜਿਸ ਵਿੱਚ ਡਰਾਈਵਰਾਂ ਨੂੰ ਆ ਰਹੀਆਂ ਮੁਸ਼ਕਲਾਂ ਅਤੀ ਪ੍ਰਦੂਸ਼ਿਤ ਵਾਤਾਵਰਨ ਦੇ ਵਿੱਚ ਡਰਾਈਵਰਾਂ ਨੂੰ ਗੱਡੀ ਚਲਾਉਣ ਦੇ ਵਿੱਚ ਆ ਰਹੀਆਂ ਦਿੱਕਤਾਂ ਦੀ ਬਾਬਤ ਖੁੱਲ ਕੇ ਵਿਚਾਰਾਂ ਕੀਤੀਆਂ ਗਈਆਂ ਔਰ ਵਧਦੀ ਮਹਿੰਗਾਈ ਦੇ ਮੱਦੇ ਨਜ਼ਰ ਡਰਾਈਵਰਾਂ ਦੀਆਂ ਤਨਖਾਹਾਂ ਦੇ ਵਿੱਚ ਵਾਧਾ ਕਰਨ ਦੀ ਬਾਬਤ ਮਤਾ ਪਾਸ ਕੀਤਾ ਗਿਆ। ਦਿਹਾੜੀ ਤੇ ਜੋ ਡਰਾਈਵਰ ਵੀਰ ਜਾਂਦੇ ਆ ਉਹਨਾਂ ਦੀ ਦਿਹਾੜੀ ਘੱਟੋ ਘੱਟ ਹਜ਼ਾਰ ਰੁਪਏ ਲੈਣ ਤੇ ਵਿਚਾਰ ਕੀਤਾ ਗਿਆ ਔਰ ਸਾਰੇ ਹੀ ਆਏ ਹੋਏ ਦੋਸਤਾਂ ਨੇ ਇਨ੍ਹਾਂ ਉਪਰੋਕਤ ਮੁੱਦਿਆਂ ਤੇ ਆਪਣੀ ਸਹਿਮਤੀ ਪ੍ਰਗਟਾਈ ਬੇਸ਼ੱਕ ਝੋਨੇ ਦਾ ਸੀਜਨ ਚੱਲਦਾ ਕਰਕੇ ਗਿਣਤੀ ਦੇ ਵਿੱਚ ਦੋਸਤ ਘੱਟ ਸਨ ਕਿਉਂਕਿ ਸੀਜ਼ਨ ਹੈ ਇਸ ਕਰਕੇ ਛੁੱਟੀ ਮਿਲਣੀ ਬਹੁਤ ਔਖੀ ਆ ਪਰ ਜਿੰਨੇ ਕ ਦੋਸਤ ਆਏ ਉਹਨਾਂ ਦੋਸਤਾਂ ਦਾ ਪ੍ਰਧਾਨ ਜੀ ਚੇਅਰਮੈਨ ਔਰ ਸਾਰੇ ਜਿੰਮੇਵਾਰ ਦੋਸਤਾਂ ਨੇ ਧੰਨਵਾਦ ਕੀਤਾ ਇਸ ਮੀਟਿੰਗ ਦੇ ਵਿੱਚ ਚੇਅਰਮੈਨ ਜਸਵੀਰ ਸ਼ਰਮਾ ਦੱਦਾਹੂਰ, ਪ੍ਰਧਾਨ ਪ੍ਰਕਾਸ਼ ਸਿੰਘ ਚੜੇਵਨ, ਸੀਆਈਡੀ ਜਸਵਿੰਦਰ ਸਿੰਘ ਰਾਜੂ, ਕਾਲਾ ਸਿੰਘ, ਕੈਸ਼ੀਅਰ ਕੇਵਲ ਸਿੰਘ, ਸੀਨੀਅਰ ਮੈਂਬਰ ਰਜਿੰਦਰ ਸਿੰਘ ਔਰ ਵਾਈਸ ਪ੍ਰਧਾਨ ਹਰਬੰਸ ਸਿੰਘ ਤੇ ਜੱਸੀ ਜੋ ਟੈਕਸੀ ਦਾ ਕੰਮ ਕਰਦਾ ਹੈ ਓਹ ਬੇਟਾ ਵੀ ਹਾਜ਼ਰ ਸਨ ਔਰ ਸਾਰੇ ਹੀ ਦੋਸਤਾਂ ਨੇ ਸਰਬ ਸੰਮਤੀ ਨਾਲ ਉਪਰੋਕਤ ਮਤੇ ਪਾਸ ਕੀਤੇ ਅਗਲੀ ਐਗਜੈਕਟਿਵ ਬਾਡੀ ਦੀ ਮੀਟਿੰਗ ਜਲਦੀ ਸੱਦੀ ਜਾਊਗੀ ਇਹ ਜਾਣਕਾਰੀ ਪ੍ਰੈਸ ਨਾਲ ਜਥੇਬੰਦੀ ਦੇ ਚੇਅਰਮੈਨ ਜਸਵੀਰ ਸ਼ਰਮਾ ਦੱਦਾਹੂਰ ਨੇ ਸਾਂਝੀ ਕੀਤੀ



# ਤਖਤਗੜ੍ਹ ਵਿਖੇ ਅਜੈਵੀਰ ਸਿੰਘ ਲਾਲਪੁਰਾ ਨੇ ਯੂਥ ਆਗੂਆਂ ਨਾਲ ਮੁਲਾਕਾਤ ਕੀਤੀ

## ਕੇਵਲ ਡਬਲ ਇੰਜਣ ਦੀ ਸਰਕਾਰ ਹੀ ਪੰਜਾਬ ਅੰਦਰ ਖ਼ੁਸ਼ਹਾਲੀ ਅਤੇ ਵਿਕਾਸ ਦੀ ਲਹਿਰ ਲਿਆ ਸਕਦੀ ਹੈ-ਲਾਲਪੁਰਾ

ਪੰਜਾਬ ਦਾ ਖੁਲਾਸਾ

ਨੂਰਪੁਰ ਬੇਦੀ, 10 ਨਵੰਬਰ ਦਲਜੀਤ ਚਨੌਲੀ - ਜਿਮਨੀ ਚੋਣਾਂ ਵਿਚ ਭਾਜਪਾ ਦੇ ਉਮੀਦਵਾਰ ਹੁੰਝਾ ਫੇਰ ਜਿੱਤ ਪ੍ਰਾਪਤ ਕਰਨਗੇ ਅਤੇ 2027 ਵਿਚ ਪੰਜਾਬ ਅੰਦਰ ਭਾਜਪਾ ਦੀ ਡਬਲ ਇੰਜਣ ਸਰਕਾਰ ਬਣਨਾ ਤੈਅ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਇੱਕ ਪਰਿਵਾਰ ਸਮਾਗਮ ਵਿਚ ਸ਼ਾਮਲ ਹੋਣ ਮੌਕੇ ਕੀਤਾ। ਇਸ ਮੌਕੇ ਲਾਲਪੁਰਾ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਜੀ ਦਾ ਧੰਨਵਾਦ ਕੀਤਾ ਜਿਨ੍ਹਾਂ ਆਪਣੇ ਤੀਜੇ ਕਾਰਜਕਾਲ ਦੇ ਪਹਿਲੇ 100 ਦਿਨਾਂ ਵਿੱਚ ਕਈ ਮਹੱਤਵਪੂਰਨ ਯੋਜਨਾਵਾਂ ਅਤੇ ਪ੍ਰਾਜੈਕਟ ਲਾਂਚ ਕੀਤੇ ਹਨ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਦੇਸ਼ ਦੇ ਬੁਨਿਆਦੀ ਢਾਂਚੇ ਤੋਂ ਲੈ ਕੇ ਖੇਤੀਬਾੜੀ, ਰੁਜ਼ਗਾਰ ਅਤੇ ਮਹਿਲਾ ਸਸ਼ਕਤੀਕਰਨ ਤੱਕ ਦੇ ਮਹੱਤਵਪੂਰਨ ਖੇਤਰਾਂ ਵਿੱਚ ਕਈ ਵੱਡੇ ਫ਼ੈਸਲੇ ਲਏ ਹਨ। ਇਨ੍ਹਾਂ ਫ਼ੈਸਲਿਆਂ ਦਾ ਉਦੇਸ਼ ਭਾਰਤ ਦੀ ਵਿਕਾਸ ਯਾਤਰਾ ਨੂੰ ਤੇਜ਼ ਕਰਨਾ ਅਤੇ ਵੱਖ-ਵੱਖ ਸਮਾਜਿਕ ਵਰਗਾਂ ਦੇ ਜੀਵਨ ਪੱਧਰ ਨੂੰ ਸੁਧਾਰਨਾ ਹੈ। ਲਾਲਪੁਰਾ ਨੇ ਕਿਹਾ ਕਿ ਮੋਦੀ ਸਰਕਾਰ ਨੇ ਕਿਸਾਨਾਂ ਦੀ ਭਲਾਈ ਲਈ ਵੀ ਕਈ ਅਹਿਮ ਫ਼ੈਸਲੇ ਲਏ ਹਨ ਜਿਸ ਤਹਿਤ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਦੀ 17ਵੀਂ ਕਿਸ਼ਤ ਦੇ ਤਹਿਤ 9.3 ਕਰੋੜ ਕਿਸਾਨਾਂ ਨੂੰ 20 ਹਜ਼ਾਰ ਕਰੋੜ ਰੁਪਏ ਵੰਡੇ ਗਏ ਹਨ, ਐੱਮਐੱਸਪੀ ਵਿੱਚ ਵਾਧਾ ਸਾਉਣੀ ਦੀਆਂ ਫ਼ਸਲਾਂ ਲਈ ਘੱਟੋ ਘੱਟ ਸਮਰਥਨ ਮੁੱਲ (ਐੱਮਐੱਸਪੀ) ਵੱਧਣ ਨਾਲ 12 ਕਰੋੜ ਕਿਸਾਨਾਂ ਨੂੰ 2 ਲੱਖ ਕਰੋੜ ਰੁਪਏ ਦਾ ਲਾਭ ਹੋਇਆ, ਡਿਜੀਟਲ ਐਗਰੀਕਲਚਰ ਮਿਸ਼ਨ 14,200 ਕਰੋੜ ਰੁਪਏ ਦੀ ਲਾਗਤ ਨਾਲ ਡਿਜੀਟਲ ਐਗਰੀਕਲਚਰ ਮਿਸ਼ਨ ਸਣੇ 7 ਪ੍ਰਾਜੈਕਟਾਂ 'ਤੇ ਕੰਮ ਸ਼ੁਰੂ ਕੀਤਾ ਗਿਆ, ਪਿਆਜ਼ ਅਤੇ ਬਾਸਮਤੀ ਚੌਲਾਂ 'ਤੇ ਪਿਆਜ਼ ਅਤੇ ਬਾਸਮਤੀ ਚਾਵਲ ਦੀ ਘੱਟੋ-ਘੱਟ ਬਰਾਮਦ ਕੀਮਤ ਹਟਾਈ ਗਈ ਅਤੇ ਪਿਆਜ਼ 'ਤੇ ਬਰਾਮਦ ਡਿਊਟੀ 40 ਫ਼ੀਸਦੀ ਤੋਂ ਘਟਾ ਕੇ 20 ਫ਼ੀਸਦੀ ਕੀਤੀ ਗਈ। ਇਸ ਦੇ ਨਾਲ ਹੀ 2 ਲੱਖ ਕਰੋੜ ਰੁਪਏ ਦੇ ਪ੍ਰਧਾਨ ਮੰਤਰੀ ਪੈਕੇਜ ਦੇ ਤਹਿਤ 5 ਸਾਲਾਂ ਵਿੱਚ 4.1 ਕਰੋੜ ਨੌਜਵਾਨਾਂ ਨੂੰ ਰੁਜ਼ਗਾਰ ਅਤੇ ਹੁਨਰ ਵਧਾਉਣ ਦੇ ਮੌਕੇ ਮਿਲਣਗੇ। ਇੱਕ ਕਰੋੜ ਨੌਜਵਾਨਾਂ ਨੂੰ ਚੋਟੀ ਦੀਆਂ ਕੰਪਨੀਆਂ ਵਿੱਚ ਇੰਟਰਨਸ਼ਿਪ ਦਾ ਮੌਕਾ ਮਿਲੇਗਾ। ਉਨ੍ਹਾਂ ਨੌਜਵਾਨਾਂ ਨੂੰ ਭਾਜਪਾ ਦੇ ਨਾਲ ਜੁੜਨ ਦੀ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਦੇ ਵਿਕਾਸ ਅਤੇ ਖੁਸ਼ਹਾਲੀ ਲਈ ਪੰਜਾਬ ਅੰਦਰ ਭਾਜਪਾ ਦੀ ਡਬਲ ਇੰਜਣ ਸਰਕਾਰ ਬਣਨਾ ਬੇਹੱਦ ਜ਼ਰੂਰੀ ਹੈ। ਇਸ ਮੌਕੇ ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ 8800002024 'ਤੇ ਮਿਸਡ ਕਾਲ ਕਰਕੇ ਭਾਜਪਾ ਦੀ ਮੈਂਬਰਸ਼ਿਪ ਲੈਣ ਦੀ ਵੀ ਅਪੀਲ ਕੀਤੀ। ਇਸ ਮੌਕੇ ਉਨ੍ਹਾਂ ਨਾਲ ਅਮਨਪ੍ਰੀਤ ਸਿੰਘ ਕਾਬੜਵਾਲ, ਜੱਸੀ ਤਖਤਗੜ੍ਹ, ਸੁਰਿੰਦਰਪਾਲ ਸੇਠੀ, ਗੁਰਿੰਦਰ ਸਿੰਘ ਗੋਗੀ ਆਦਿ ਮੌਜੂਦ ਸਨ।



# ਐਸ.ਡੀ.ਐਮਜ਼, ਤੇ ਸਹਿਕਾਰੀ ਸਭਾਵਾਂ ਦੇ ਅਧਿਕਾਰੀ ਨੇ ਖਾਦ ਦੇ ਸਟਾਕ ਦੀ ਕੀਤੀ ਚੈਕਿੰਗ

## ਖਾਦ ਦੀ ਜਮ੍ਹਾਂਖ਼ੋਰੀ ਤੇ ਕਾਲਾਬਾਜ਼ਾਰੀ ਕਰਨ ਵਾਲਿਆਂ 'ਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਬਾਜ ਅੱਖ

ਪੰਜਾਬ ਦਾ ਖੁਲਾਸਾ

**ਪਟਿਆਲਾ, 10 ਨਵੰਬਰ ( ਬਿਓਰੋ )** - ਡੀਏਪੀ ਖਾਦ ਦੀ ਉਪਲਬਧਤਾ ਯਕੀਨੀ ਬਣਾਉਣ ਲਈ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਵੱਲੋਂ ਐਸ.ਡੀ.ਐਮਜ਼, ਖੇਤੀਬਾੜੀ ਵਿਭਾਗ ਤੇ ਸਹਿਕਾਰੀ ਸਭਾਵਾਂ ਦੇ ਅਧਿਕਾਰੀਆਂ ਨੂੰ ਖਾਦ ਵਿਕਰੇਤਾਵਾਂ ਦੀ ਲਗਾਤਾਰ ਚੈਕਿੰਗ ਕਰਨ ਦੀਆਂ ਦਿੱਤੀਆਂ ਸਖ਼ਤ ਹਦਾਇਤਾਂ ਤੋਂ ਬਾਅਦ ਜ਼ਿਲ੍ਹੇ ਵਿੱਚ ਚੈਕਿੰਗ ਮੁਹਿੰਮ ਵਿੱਢੀ ਗਈ, ਜਿਸ ਦੌਰਾਨ ਖਾਦ ਵਿਕਰੇਤਾਵਾਂ ਦੀਆਂ ਦੁਕਾਨਾਂ ਤੇ ਗੁਦਾਮਾਂ ਦੀ ਜਾਂਚ ਕੀਤੀ ਗਈ ਤੇ ਸੈਂਪਲ ਭਰਨ ਤੋਂ ਇਲਾਵਾ ਦੁਕਾਨਾਂ 'ਚ ਪਿਆ ਖਾਦਾਂ ਦਾ ਸਟਾਕ ਚੈੱਕ ਕੀਤਾ ਗਿਆ।



ਇਸ ਦੌਰਾਨ ਐਸ.ਡੀ.ਐਮ ਪਟਿਆਲਾ ਮਨਜੀਤ ਕੌਰ ਨੇ ਸਹਿਕਾਰੀ ਸਭਾਵਾਂ ਦੇ ਸਟਾਕ ਦੀ ਜਾਂਚ ਕੀਤੀ। ਜਦਕਿ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਵੱਲੋਂ ਦਸਮੇਸ਼ ਫਰਟੀਲਾਈਜ਼ਰ ਪਾਤੜਾਂ, ਜ਼ਿਮੀਂਦਾਰਾਂ ਫਰਟੀਲਾਈਜ਼ਰ ਤੇ ਕੀਟਨਾਸ਼ਕ ਪਾਤੜਾਂ, ਭਿੰਡਰ ਪੈਸਟੀਸਾਈਡ ਤੇ ਮੁਕੇਸ਼ ਖਾਦ ਸਟੋਰ ਪਾਤੜਾਂ ਦੇ ਸਟਾਕ ਦੀ ਚੈਕਿੰਗ ਕੀਤੀ ਗਈ। ਚੈਕਿੰਗ ਟੀਮਾਂ ਜ਼ਿਲ੍ਹਾ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ, ਨਾਇਬ ਤਹਿਸੀਲਦਾਰ ਪਾਤੜਾਂ ਕਰਮਜੀਤ ਸਿੰਘ, ਖੇਤੀਬਾੜੀ ਵਿਕਾਸ ਅਫ਼ਸਰ ਅਮਨਪ੍ਰੀਤ ਸਿੰਘ ਸੰਧੂ ਤੇ ਖੇਤੀਬਾੜੀ ਵਿਸਥਾਰ ਅਫ਼ਸਰ ਡਾ. ਰਵਿੰਦਰ ਪਾਲ ਸਿੰਘ ਚੱਠਾ ਤੇ ਹੋਰ ਸਟਾਫ਼ ਸ਼ਾਮਲ ਸੀ।

ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਭਾਗ ਵੱਲੋਂ ਜ਼ਿਲ੍ਹੇ ਦੀ ਹਰੇਕ ਸਬ ਡਵੀਜ਼ਨ ਵਿੱਚ ਚੈਕਿੰਗ ਕੀਤੀ ਜਾ ਰਹੀ ਹੈ ਅਤੇ ? ਇਸ ਦੌਰਾਨ ਵਿਭਾਗ ਵੱਲੋਂ ਖਾਦ ਦੇ ਸੈਂਪਲ ਵੀ ਭਰੇ ਜਾ ਰਹੇ ਹਨ ਜੋ ਲੈਬੋਰੇਟਰੀ 'ਚ ਟੈੱਸਟ ਲਈ ਭੇਜੇ ਜਾਣਗੇ। ਉਨ੍ਹਾਂ ਦੱਸਿਆ ਕਿ ਚੈਕਿੰਗ ਦੌਰਾਨ ਖਾਦ ਵਿਕਰੇਤਾਵਾਂ ਨੂੰ ਹਦਾਇਤ ਕੀਤੀ ਗਈ ਕਿ ਸਟਾਕ ਬੋਰਡ ਉੱਪਰ ਰੋਜ਼ਾਨਾ ਖਾਦ ਦਾ ਸਟਾਕ 'ਤੇ ਰੇਟ ਲਿਖਿਆ ਜਾਵੇ ਤੇ ਕਿਸਾਨਾਂ ਨੂੰ ਜੋ ਵੀ ਖੇਤੀ ਸਮਗਰੀ ਵੇਚੀ ਜਾਂਦੀ ਹੈ, ਉਸ ਦਾ ਪੱਕਾ ਬਿੱਲ ਕੱਟ ਕੇ ਦਿੱਤਾ ਜਾਵੇ ਤੇ ਖਾਦ ਨਾਲ ਬੇਲੋੜੀਆਂ ਵਸਤਾਂ ਨਾ ਦਿੱਤੀਆਂ ਜਾਣ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ 'ਚ ਵੀ ਇਹ ਮੁਹਿੰਮ ਜਾਰੀ ਰਹੇਗੀ ਤੇ ਜੇਕਰ ਕੋਈ ਖਾਦ ਵਿਕਰੇਤਾ/ਡੀਲਰ ਬਿਨਾਂ ਬਿੱਲ ਤੋਂ ਖਾਦ, ਦਵਾਈ ਜਾਂ ਬੀਜ ਵੇਚਦਾ ਪਾਇਆ ਗਿਆ ਤਾਂ ਉਸ ਵਿਰੁੱਧ ਖਾਦ ਕੰਟਰੋਲ ਆਰਡਰ 1985 ਤਹਿਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਸਾਨਾਂ ਨੂੰ ਵੀ ਖਾਦ, ਕੀਟਨਾਸ਼ਕ ਰਸਾਇਣ ਜਾਂ ਬੀਜ ਖ਼ਰੀਦਣ ਸਮੇਂ ਦੁਕਾਨਦਾਰ ਤੋਂ ਬਿੱਲ ਜ਼ਰੂਰ ਲੈਣ ਦੀ ਅਪੀਲ ਕੀਤੀ ਤੇ ਕਿਹਾ ਕਿ ਜੇਕਰ ਕੋਈ ਡੀਲਰ ਬਿੱਲ ਦੇਣ ਤੋਂ ਇਨਕਾਰ ਕਰਦਾ ਹੈ ਤਾਂ ਉਸ ਸਬੰਧੀ ਸਬੰਧਤ ਖੇਤੀਬਾੜੀ ਅਧਿਕਾਰੀ ਜਾਂ ਮੁੱਖ ਖੇਤੀਬਾੜੀ ਅਫ਼ਸਰ ਨੂੰ ਸ਼ਿਕਾਇਤ ਕੀਤੀ ਜਾ ਸਕਦੀ ਹੈ।

# ਸੀਨੀਅਰ ਪੀ.ਸੀ.ਐਸ ਅਫ਼ਸਰ ਸਮੇਤ ਦੋ ਖਿਲਾਫ਼ ਵਿਜੀਲੈਂਸ ਵੱਲੋਂ ਕੇਸ ਦਰਜ

ਪੰਜਾਬ ਦਾ ਖੁਲਾਸਾ

**ਚੰਡੀਗੜ੍ਹ, 10 ਨਵੰਬਰ ( ਬਿਓਰੋ )** - ਪੰਜਾਬ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਹਰਪ੍ਰੀਤ ਸਿੰਘ ਪੀ.ਸੀ.ਐਸ., ਸਹਾਇਕ ਲੇਬਰ ਕਮਿਸ਼ਨਰ ਹੁਸ਼ਿਆਰਪੁਰ ਤੇ ਉਸਦੇ ਦਫ਼ਤਰ ਵਿੱਚ ਤਾਇਨਾਤ ਅਲਕਾ ਸ਼ਰਮਾ, ਕੰਪਿਊਟਰ ਅਪ੍ਰੇਟਰ ਖ਼ਿਲਾਫ਼ 30,000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਵਿਜੀਲੈਂਸ ਬਿਊਰੋ ਵੱਲੋਂ ਮੁਕੱਦਮਾ ਦਰਜ ਕੀਤਾ ਗਿਆ ਹੈ। ਇਸ ਕੇਸ ਵਿੱਚ ਕੰਪਿਊਟਰ ਅਪ੍ਰੇਟਰ ਅਲਕਾ ਸ਼ਰਮਾ ਨੂੰ 30,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਜਿਸ ਨੂੰ ਸਥਾਨਕ ਅਦਾਲਤ ਨੇ 14 ਦਿਨਾਂ ਦੇ ਨਿਆਂਇਕ ਰਿਮਾਂਡ ਤਹਿਤ ਜੇਲ੍ਹ ਭੇਜ ਦਿੱਤਾ ਹੈ। ਦੂਸਰਾ ਮੁਲਜ਼ਮ ਹਰਪ੍ਰੀਤ ਸਿੰਘ ਪੀ.ਸੀ.ਐਸ. ਫਰਾਰ ਹੋ ਗਿਆ ਹੈ।

**ਕੰਪਿਊਟਰ ਅਪ੍ਰੇਟਰ 30,000 ਰੁਪਏ ਰਿਸ਼ਵਤ ਲੈਂਦੀ ਰੰਗੇ ਹੱਥੀਂ ਕਾਬੂ, ਅਦਾਲਤ ਨੇ 14 ਦਿਨਾਂ ਦੇ ਨਿਆਂਇਕ ਰਿਮਾਂਡ ਤਹਿਤ ਜੇਲ੍ਹ ਭੇਜਿਆ**



ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਹ ਮੁਕੱਦਮਾ ਸ਼ਿਕਾਇਤਕਰਤਾ ਤੇ ਦੁਕਾਨਦਾਰ ਰੋਹਿਤ ਚੌਹਾਨ, ਕਸ਼ਮੀਰੀ ਬਜਾਰ, ਹੁਸ਼ਿਆਰਪੁਰ ਦੀ ਸ਼ਿਕਾਇਤ ਦੇ ਅਧਾਰ ਉਤੇ ਦਰਜ ਕੀਤਾ ਗਿਆ ਹੈ।

ਸ਼ਿਕਾਇਤਕਰਤਾ ਨੇ ਬਿਊਰੋ ਕੋਲ ਪਹੁੰਚ ਕਰਕੇ ਦੱਸਿਆ ਕਿ ਉਹ ਸੁਨਿਆਰੇ ਦੀ ਦੁਕਾਨ ਕਰਦਾ ਹੈ ਤੇ ਉਸ ਵੱਲੋਂ ਆਪਣੀ ਦੁਕਾਨ ਨੂੰ ਰੈਨੋਵੇਟ ਕੀਤਾ ਸੀ। ਇਸ ਸਬੰਧ ਵਿੱਚ ਉਸ ਨੂੰ ਸਹਾਇਕ ਲੇਬਰ ਕਮਿਸ਼ਨਰ, ਹੁਸ਼ਿਆਰਪੁਰ ਦੇ ਦਫਤਰ ਤੋਂ ਇਕ ਨੋਟਿਸ ਪ੍ਰਾਪਤ ਹੋਇਆ ਸੀ। ਇਸ ਸਬੰਧ ਵਿੱਚ ਜਦੋਂ ਉਹ ਸਹਾਇਕ ਲੇਬਰ ਕਮਿਸ਼ਨਰ ਦਫਤਰ ਵਿਖੇ ਗਿਆ ਤਾਂ ਉਸਨੂੰ ਉਕਤ ਦੋਸ਼ਣ ਅਲਕਾ ਸ਼ਰਮਾ, ਕੰਪਿਊਟਰ ਅਪ੍ਰੇਟਰ ਨੇ ਕਿਹਾ ਕਿ ਤੁਹਾਨੂੰ ਜੁਰਮਾਨਾ ਬਹੁਤ ਪੈ ਜਾਣਾ ਪਰ ਮੈਂ ਇਹ ਨੋਟਿਸ ਆਪਣੇ ਅਫਸਰ ਹਰਪ੍ਰੀਤ ਸਿੰਘ ਸਹਾਇਕ ਲੇਬਰ ਕਮਿਸ਼ਨਰ ਨਾਲ ਗੱਲ ਕਰਕੇ ਰਫਾ-ਦਫਾ ਕਰਵਾ ਦੇਵੇਗੀ। ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਦੱਸਿਆ ਕਿ ਉਸ ਮੌਕੇ ਅਲਕਾ ਸ਼ਰਮਾ ਉਕਤ ਨੋਟਿਸ ਲੈ ਕੇ ਹਰਪ੍ਰੀਤ ਸਿੰਘ ਸਹਾਇਕ ਲੇਬਰ ਕਮਿਸ਼ਨਰ ਦੇ ਕਮਰੇ ਵਿੱਚ ਚਲੀ ਗਈ ਅਤੇ ਕੁੱਝ ਦੇਰ ਬਾਅਦ ਉਸਨੇ ਸ਼ਿਕਾਇਤਕਰਤਾ ਨੂੰ ਵੀ ਕਮਰੇ ਅੰਦਰ ਬੁਲਾ ਲਿਆ ਜਿੱਥੇ ਉਕਤ ਮੁਲਜ਼ਮ ਹਰਪ੍ਰੀਤ ਸਿੰਘ ਪੀ.ਸੀ.ਐਸ. ਵੱਲੋਂ ਉਕਤ ਨੋਟਿਸ ਫਾਈਲ ਕਰਨ ਬਦਲੇ ਸ਼ਿਕਾਇਤਕਰਤਾ ਪਾਸੋਂ 30,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਗਈ। ਸ਼ਿਕਾਇਤਕਰਤਾ ਵੱਲੋਂ ਰਿਸ਼ਵਤ ਦੀ ਮੰਗ ਸਬੰਧੀ ਹੋਈ ਗੱਲਬਾਤ ਦੀ ਰਿਕਾਰਡਿੰਗ ਕਰ ਲਈ ਗਈ ਜੋ ਉਸ ਨੇ ਵਿਜੀਲੈਂਸ ਬਿਊਰੋ ਨੂੰ ਬਤੌਰ ਸਬੂਤ ਪੇਸ਼ ਕੀਤੀ ਗਈ।

ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਉਪਰੰਤ ਵਿਜੀਲੈਂਸ ਬਿਊਰੋ ਦੀ ਟੀਮ ਗਠਿਤ ਕਰਕੇ, ਸਮੇਤ ਮੁੱਦਈ, ਸਰਕਾਰੀ ਸ਼ੈਡੋ ਗਵਾਹ ਅਤੇ ਸਰਕਾਰੀ ਗਵਾਹਾਂ ਨੂੰ ਨਾਲ ਲੈ ਕੇ ਟਰੈਪ ਲਗਾਇਆ ਗਿਆ ਜਿਸ ਦੌਰਾਨ ਉਕਤ ਅਲਕਾ ਸ਼ਰਮਾ, ਕੰਪਿਊਟਰ ਅਪ੍ਰੇਟਰ, ਨੂੰ ਸ਼ਿਕਾਇਤਕਰਤਾ ਪਾਸੋਂ 30,000 ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫਤਾਰ ਕਰ ਲਿਆ ਪਰ ਹਰਪ੍ਰੀਤ ਸਿੰਘ ਸਹਾਇਕ ਲੇਬਰ ਕਮਿਸ਼ਨਰ, ਹੁਸ਼ਿਆਰਪੁਰ ਮੌਕੇ ਪਰ ਦਫਤਰ ਨਹੀਂ ਮਿਲਿਆ।

ਉਨਾਂ ਦੱਸਿਆ ਕਿ ਇਸ ਸਬੰਧੀ ਵਿੱਚ ਉਕਤ ਦੋਵੇਂ ਮੁਲਾਜ਼ਮਾਂ ਖਿਲਾਫ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਬਿਊਰੋ ਦੇ ਥਾਣਾ ਜਲੰਧਰ ਰੇਂਜ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ। ਮੁਲਜ਼ਮ ਹਰਪ੍ਰੀਤ ਸਿੰਘ ਪੀ.ਸੀ.ਐਸ. ਸਹਾਇਕ ਲੇਬਰ ਕਮਿਸ਼ਨਰ ਹੁਸ਼ਿਆਰਪੁਰ ਨੂੰ ਗ੍ਰਿਫਤਾਰ ਕਰਨ ਲਈ ਉਸਦੇ ਠਿਕਾਣਿਆਂ ਤੇ ਦਬਿਸ਼ ਦਿੱਤੀ ਜਾ ਰਹੀ ਹੈ। ਇਸ ਮੁਕੱਦਮੇ ਦੀ ਹੋਰ ਤਫਤੀਸ਼ ਜਾਰੀ ਹੈ।

# ਗਿਦੜਬਾਹਾ ਜਾ ਰਹੇ ਬੇਰੁਜਗਾਰ ਅਧਿਆਪਕਾਂ ਨਾਲ ਵਾਪਰਿਆ ਹਾਦਸਾ

ਪੰਜਾਬ ਦਾ ਖੁਲਾਸਾ

**ਤਰਨ ਤਾਰਨ , 10 ਨਵੰਬਰ ( ਬਿਓਰੋ )** - ਪਿਛਲੇ ਲੰਬੇ ਸਮੇਂ ਤੋਂ ਆਪਣੀਆਂ ਹੱਕੀ ਮੰਗਾ ਨੂੰ ਲੈਕੇ ਬੇਰੁਜਗਾਰ ਅਧਿਆਪਕਾ ਵੱਲੋ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾਂ ਹੈ ਅਤੇ ਧਰਨੇ ਲਗਾਏ ਜਾ ਰਹੇ ਹਨ। ਇਸੇ ਲੜੀ ਤਹਿਤ ਅੱਜ ਅੰਮ੍ਰਿਤਸਰ ਤੋਂ ਬੇਰੁਜਗਾਰ ਅਧਿਆਪਕਾ ਵੱਲੋ ਸਰਕਾਰ ਖਿਲਾਫ ਪ੍ਰਦਰਸ਼ਨ ਕਰਨ ਲਈ ਗਿਦੜਬਾਹਾਂ ਵਿਖ਼ੇ ਜਿੱਥੇ ਜਿਮਨੀ ਚੋਣ ਹੋ ਰਹੀ ਹੈ ਜਾ ਰਹੇ ਸਨ ਕਿ ਤਰਨਤਾਰਨ ਦੇ ਸਰਹਾਲੀ ਕਸਬੇ ਲੱਗੇ ਉਹਨਾਂ ਦੇ ਟੈਂਪੂ ਟਰੈਵਲ ਦਾ ਏਕਸੀਡੈਂਟ ਹੋ ਗਿਆ ਜਿਸ ਵਿੱਚ 12 ਅਧਿਆਪਕ ਸ਼ਾਮਲ ਸਨ ਜਿਨ੍ਹਾਂ ਵੀ ਨੂੰ ਤਰਨਤਾਰਨ ਦੇ ਸਿਵਲ ਹਸਪਤਾਲ ਲਿਆਂਦਾ ਗਿਆ। 6 ਜਣਿਆ ਦੀ ਹਾਲਤ ਜਿਆਦਾ ਨਾਜ਼ੁਕ ਹੋਣ ਕਰਕੇ ਉਹਨਾਂ ਨੂੰ ਅੰਮ੍ਰਿਤਸਰ ਦੇ ਹਸਪਤਾਲ ਵਿਖ਼ੇ ਰੈਫਰ ਕਰ ਦਿੱਤਾ ਗਿਆ ਹੈ ਅਤੇ ਬਾਕੀਆਂ ਦਾ ਇਲਾਜ ਕੀਤਾ ਜਾ ਰਿਹ ਹੈ ।

# ਕਲਾ ਉਤਸਵ ਮੁਕਾਬਲਿਆਂ ਵਿਚ ਜ਼ਿਲ੍ਹਾ ਫਾਜ਼ਿਲਕਾ ਨੇ ਹਾਸਲ ਕੀਤਾ ਪਹਿਲਾ ਸਥਾਨ

## ਫਾਜ਼ਿਲਕਾ ਦੀਆਂ ਵਿਦਿਆਰਥਣਾ ਨੇ ਕੀਤਾ ਆਪਣੀ ਕਲਾ ਦਾ ਪ੍ਰਦਰਸ਼ਨ, ਕਲਾ ਦੇ ਦਮ ×ਤੇ ਹੋਰਨਾਂ ਜ਼ਿਲ੍ਹਿਆਂ ਨੂੰ ਦਿੱਤੀ ਮਾਤ

ਪੰਜਾਬ ਦਾ ਖੁਲਾਸਾ

**ਫਾਜ਼ਿਲਕਾ, 10 ਨਵੰਬਰ ( ਬਿਓਰੋ )** -ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਉਜਾਗਰ ਕਰਨ ਤੇ ਕਲਾ ਨੂੰ ਹੋਰ ਨਿਖਾਰਨ ਦੇ ਮੰਤਵ ਤਹਿਤ ਸਿਖਿਆ ਵਿਭਾਗ ਵੱਲੋਂ ਕਰਵਾਈਆਂ ਜਾ ਰਹੀਆਂ ਗਤੀਵਿਧੀਆਂ ਰੰਗ ਲਿਆ ਰਹੀਆਂ ਹਨ। ਇਸੇ ਤਹਿਤ ਕਲਾ ਉਤਸਵ ਮੁਕਾਬਲਿਆਂ ਵਿਚ ਜ਼ਿਲ੍ਹਾ ਫਾਜ਼ਿਲਕਾ ਨੇ ਰਾਜ ਪੱਧਰ ×ਤੇ ਪਹਿਲਾ ਸਥਾਨ ਹਾਸਲ ਕਰਕੇ ਕਿਸੇ ਪੱਖੋਂ ਵੀ ਕਲਾ ਦੀ ਘਾਟ ਨਾ ਹੋਣ ਦਾ ਸਬੂਤ ਦਿੱਤਾ ਹੈ ਤੇ ਹੁਣ ਜ਼ਿਲ੍ਹਾ ਫਾਜ਼ਿਲਕਾ ਦੀ ਟੀਮ ਨੈਸ਼ਨਲ ਪੱਧਰ ×ਤੇ ਪੰਜਾਬ ਰਾਜ ਦੀ ਨੁਮਾਇੰਦਗੀ ਕਰੇਗੀ ਤੇ ਆਪਣਾ ਜੋਹਰ ਪ੍ਰਗਟ ਕਰੇਗੀ। ਇਹ ਜਾਣਕਾਰੀ ਨੋਡਲ ਅਫਸਰ ਜ਼ਿਲ੍ਹਾ ਅਤੇ ਜ਼ੋਨ ਪੱਧਰੀ ਕਲਾ ਉਤਸਵ ਵਿਜੈ ਪਾਲ ਨੇ ਦਿੱਤੀ।

ਜ਼ਿਲ੍ਹਾ ਪ੍ਰਸ਼ਾਸਨ ਅਤੇ ਜ਼ਿਲ੍ਹਾ ਸਿਖਿਆ ਅਫਸਰ(ਸੈ. ਸਿ ) ਬ੍ਰਿਜ ਮੋਹਨ ਸਿੰਘ ਬੇਦੀ, ਜ਼ਿਲ੍ਹਾ ਸਿਖਿਆ ਅਫਸਰ



(ਐ. ਸਿ) ਸਤੀਸ਼ ਕੁਮਾਰ, ਉਪ ਜ਼ਿਲ੍ਹਾ ਸਿਖਿਆ ਅਫਸਰ ਪੰਕਜ ਅੰਗੀ, ਉਪ ਜ਼ਿਲ੍ਹਾ ਸਿਖਿਆ ਅਫਸਰ ਪਰਵਿੰਦਰ ਸਿੰਘ ਅਤੇ ਕੋਆਰਡੀਨੇਟਰ ਜ਼ੋਨ ਪੱਧਰੀ ਕਲਾ ਉਤਸਵ ਗੁਰਛਿੰਦਰ ਪਾਲ ਸਿੰਘ ਦੀ ਅਗਵਾਈ ਹੇਠ ਸਕੂਲ ਪੱਧਰ, ਬਲਾਕ ਪੱਧਰ, ਜ਼ਿਲ੍ਹਾ ਪੱਧਰ ਅਤੇ ਜੋਨ ਪੱਧਰੀ ਕਲਾ ਉਤਸਵ ਮੁਕਾਬਲਿਆਂ ਤੋਂ ਬਾਅਦ ਹੁਣ ਵਿਦਿਆਰਥਣਾਂ ਦੀ ਨਾਟਕ ਦੀ ਪੇਸ਼ਕਾਰੀ ਨੇ ਸਟੇਟ ਪੱਧਰ ×ਤੇ ਫਾਜ਼ਿਲਕਾ ਦਾ ਨਾਮ ਰੋਸ਼ਨ ਕੀਤਾ। ਜੋਨ ਪੱਧਰੀ ਕਲਾ ਉਤਸਵ ਮੁਕਾਬਲਿਆਂ ਦੀ ਅਗਵਾਈ ਜ਼ਿਲ੍ਹਾ ਫਾਜ਼ਿਲਕਾ ਵੱਲੋਂ ਕੀਤੀ ਗਈ ਸੀ ਜਿਸ ਵਿਚ ਵੱਖ-ਵੱਖ ਜਿਲ੍ਹਿਆਂ ਨੇ ਸ਼ਿਰਕਤ ਕੀਤੀ ਸੀ।

ਨੋਡਲ ਅਫਸਰ ਵਿਜੈ ਪਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਦਿਆਰਥਣਾਂ ਦੀ ਸਖਤ ਮਿਹਨਤ ਤੇ ਅਟੁੱਟ ਵਿਸਵਾਸ਼ ਸਦਕਾ ਹੀ ਜ਼ਿਲ੍ਹਾ ਫਾਜ਼ਿਲਕਾ ਨੇ ਪੰਜਾਬ ਪੱਧਰ ×ਤੇ ਮੱਲਾ ਮਾਰੀਆਂ ਹਨ। ਉਨ੍ਹਾਂ ਕਿਹਾ ਕਿ ਵਿਦਿਆਰਥਣਾਂ ਨੇ 'ਮੇਰੀ ਗੀਤਾਂ ਵਾਲੀ ਕਾਪੀ' ਨਾਟਕ ਪੇਸ਼ ਕੀਤਾ, ਇਹ ਨਾਟਕ ਪੰਜਾਬ ਦੀ ਮਸ਼ਹੂਰ ਕਵਿਤਰੀ ਸੁਖਵਿੰਦਰ ਕੌਰ ਅੰਮ੍ਰਿਤ ਦੀ ਜ਼ਿੰਦਗੀ ਅਤੇ ਸੰਘਰਸ਼ ਨੂੰ ਪੇਸ਼ ਕਰਦਾ ਹੈ। ਨਾਟਕ ਦੀ ਪੇਸ਼ਗੀ ਨੇ ਸਾਰੇ ਹਾਜਰੀਨ ਨੂੰ ਝੰਝੋੜ ਕੇ ਰੱਖ ਦਿੱਤਾ।

ਸੀਨੀਅਰ ਸੈਕੰਡਰੀ ਸਕੂਲ ਡਬਵਾਲਾ ਕਲਾਂ ਦੇ ਪ੍ਰਿੰਸੀਪਲ ਸੁਭਾਸ਼ ਨਰੂਲਾ, ਸਕੂਲ ਡਾਇਰੈਕਟਰ ਕੁਲਜੀਤ ਭੱਟੀ ਤੇ ਗਾਈਡ ਵੀਰਾ ਕੌਰ ਦੇ ਮਾਰਗਦਰਸ਼ਨ ਹੇਠ ਸਕੂਲ ਦੀ ਨਾਟਕ ਟੀਮ ਜਿਸ ਵਿਚ ਪ੍ਰਭਸਿਮਰਨਜੀਤ ਕੌਰ, ਵੀਰਪਾਲ ਕੌਰ, ਜਸ਼ਨਪ੍ਰੀਤ ਕੌਰ, ਗੁਰਪ੍ਰੀਤ ਕੌਰ ਅਤੇ ਦੀਕਸ਼ਾ ਰਾਣੀ ਨੇ ਆਪਣੀ ਕਲਾ ਦੀ ਪੇਸ਼ਕਾਰੀ ਕੀਤੀ। ਜ਼ਿਲ੍ਹਾ ਭਾਸ਼ਾ ਅਫਸਰ ਭੁਪਿੰਦਰ ਉਤਰੇਜਾ, ਖੋਜ ਅਫਸਰ ਪਰਮਿੰਦਰ ਸਿੰਘ ਅਤੇ ਹੋਰ ਵੱਖ-ਵੱਖ ਅਧਿਕਾਰੀਆਂ ਨੇ ਰਾਜ ਪੱਧਰ ×ਤੇ ਨਾਮਨਾ ਖੱਟਣ ×ਤੇ ਜ਼ਿਲ੍ਹਾ ਫਾਜ਼ਿਲਕਾ ਦੀ ਟੀਮ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿਚ ਨਵੀਆਂ ਪੁਲਾਘਾ ਪੁੱਟਣ ×ਤੇ ਸ਼ੁਭਕਾਮਨਾਵਾਂ ਦਿੱਤੀਆਂ।

# ਸੁਖਜਿੰਦਰ ਰੰਧਾਵਾ ਨੇ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ ਭੇਜਿਆ ਲੀਗਲ ਨੋਟਿਸ

## - ਕਾਂਗਰਸ ਦੀ ਮਜ਼ਬੂਤ ਸਥਿਤੀ ਨੂੰ ਦੇਖਦਿਆਂ ਕੇਜਰੀਵਾਲ ਸਮੇਤ ਸਥਾਨਕ ਆਪ ਆਗੂ ਕਾਂਗਰਸ ਖ਼ਿਲਾਫ਼ ਕਰ ਰਹੇ ਝੂਠੀ ਬਿਆਨਬਾਜ਼ੀ ਅਤੇ ਚੱਲ ਰਹੇ ਤਰ੍ਹਾਂ ਦੀਆਂ ਘਟੀਆ ਚਾਲਾਂ

ਪੰਜਾਬ ਦਾ ਖੁਲਾਸਾ

**ਡੇਰਾ ਬਾਬਾ ਨਾਨਕ, 10 ਨਵੰਬਰ ( ਬਿਓਰੋ )** - ਡੇਰਾ ਬਾਬਾ ਨਾਨਕ ਵਿੱਚ ਕੀ ਸਾਰੇ ਲੋਕ ਸਭਾ ਹਲਕਾ ਗੁਰਦਾਸਪੁਰ ਵਿੱਚ ਰੰਧਾਵਾ ਪਰਿਵਾਰ ਨੂੰ ਲੋਕ ਜੋ ਸਤਿਕਾਰ ਤੇ ਅਹਿਮੀਅਤ ਦੇਂਦੇ ਹਨ ਕਿਸੇ ਤੋਂ ਛੁਪੀ ਨਹੀਂ ਪਰ ਆਪਣੀ ਹਾਰ ਨੂੰ ਦੇਖ ਕੇ ਬੁਖਲਾਈ ਆਮ ਆਦਮੀ ਪਾਰਟੀ ਹੁਣ ਘਟੀਆ ਰਾਜਨੀਤੀ ' ਤੇ ਉਤਰ ਆਈ ਹੈ।ਪਹਿਲਾਂ ਆਪ ਉਮੀਦਵਾਰ ਗੁਰਦੀਪ ਰੰਧਾਵਾ ਵੱਲੋਂ ਗੈਂਗਸਟਰ ਜੱਗੂ ਭਗਵਾਨਪੁਰੀਏ ਦੇ ਭਰਾ ਅਤੇ ਮਾਂ ਨਾਲ ਮਿਲ ਕੇ ਜੱਗੂ ਕੋਲੋਂ ਜੇਲ੍ਹ ਵਿੱਚੋਂ ਵੀਡਿਓ ਕਾਲ ਕਰਵਾ ਕੇ ਲੋਕਾਂ ਨੂੰ ਕਾਂਗਰਸ ਵਿਰੁੱਧ ਡਰਾਉਣ ਧਮਕਾਉਣ ਦਾ ਮਾਮਲਾ ਸਾਹਮਣੇ ਆਇਆ ਤੇ ਕੱਲ੍ਹ ਡੇਰਾ ਬਾਬਾ ਨਾਨਕ ਵਿਖੇ ਰੈਲੀ ਦੌਰਾਨ ਕੇਜਰੀਵਾਲ ਨੇ ਬੇਸਿਰ ਪੈਰ ਇਲਜ਼ਾਮ ਲਗਾ ਕੇ ਲੋਕ ਸਭਾ ਮੈਂਬਰ ਅਤੇ ਮਾਝੇ ਦੇ ਹਰਮਨ ਪਿਆਰੇ ਕਾਂਗਰਸੀ ਆਗੂ ਸੁਖਜਿੰਦਰ ਸਿੰਘ ਰੰਧਾਵਾ ਦੀ ਛਵੀ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕੀਤੀ। ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਨੇ ਇਸ ਸੰਬੰਧੀ ਕੇਜਰੀਵਾਲ ਨੂੰ ਲੀਗਲ ਨੋਟਿਸ ਵੀ ਭੇਜਿਆ ਅਤੇ ਲੋਕ ਸਭਾ ਸਪੀਕਰ ਨੂੰ ਅਰਜੀ ਲਿਖ ਕੇ ਸੂਚਿਤ ਕਰਦਿਆਂ ਕਿਹਾ ਕਿ ਜੇਕਰ ਕੇਜਰੀਵਾਲ ਨੇ ਉਨ੍ਹਾਂ ਉੱਤੇ ਲਗਾਏ ਝੂਠੇ ਇਲਜ਼ਾਮਾਂ ਦੀ ਮੁਆਫੀ ਨਾ ਮੰਗੀ ਤਾਂ ਉਹ ਕੇਸ ਕਰਨ ਲਈ ਮਜ਼ਬੂਰ ਹੋਣਗੇ। ਇਸ ਸਭ ਦਾ ਰੰਧਾਵਾ ਦੇ ਸਮਰਥਕਾਂ ਵਿੱਚ ਵੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਸਮਰਥਕਾਂ ਦਾ ਕਹਿਣਾ ਹੈ ਕਿ ਸੁਖਜਿੰਦਰ ਸਿੰਘ ਰੰਧਾਵਾ ਮਿਲਣਸਾਰ,ਇਮਾਨਦਾਰ ਅਤੇ ਹਰ ਕਿਸੇ ਦੇ ਦੁੱਖ ਸੁੱਖ ਵਿੱਚ ਹਮੇਸ਼ਾ ਹਾਜ਼ਰ ਹੋਣ ਵਾਲੇ ਇਨਸਾਨ ਹਨ। ਉਨ੍ਹਾਂ ਕਿਹਾ ਕਿ ਉਹ ਇਸ ਗੱਲ ਦਾ ਜਵਾਬ "ਆਪ" ਦਾ ਡੇਰਾ ਬਾਬਾ ਨਾਨਕ ਵਿਚੋਂ ਬੋਰੀਆ ਬਿਸਤਰਾ ਗੋਲ ਕਰਕੇ ਦੇਣਗੇ।



ਕਾਂਗਰਸ ਹਰ ਦਿਨ ਆਪਣੇ ਵਿਰੋਧੀਆਂ ਉੱਤੇ ਭਾਰੂ ਪੈਂਦੀ ਹੋਈ ਦੂਜੀਆਂ ਪਾਰਟੀਆਂ ਦੇ ਵੱਡੀ ਗਿਣਤੀ ਵਿੱਚ ਸਮਰਥਕਾਂ ਨੂੰ ਆਪਣੇ ਨਾਲ ਜੋੜਨ ਵਿੱਚ ਕਾਮਯਾਬ ਹੋਈ ਹੈ ਜਿਸ ਲਈ ਕਾਂਗਰਸ ਦਾ ਲੋਕਲ ਕਾਡਰ ਦਿਨ ਰਾਤ ਮਿਹਨਤ ਕਰ ਰਿਹਾ ਹੈ। ਅੱਜ ਪਿੰਡ ਕੋਟ ਮੌਲਵੀ ਅਤੇ ਡੇਰਾ ਬਾਬਾ ਨਾਨਕ ਵਿਖੇ ਦਰਜਨਾਂ ਪਰਿਵਾਰਾਂ ਨੇ ਆਮ ਆਦਮੀ ਪਾਰਟੀ ਦਾ ਪੱਲਾ ਛੱਡ ਕੇ ਕਾਂਗਰਸ ਵਿੱਚ ਸ਼ਮੂਲੀਅਤ ਕੀਤੀ।ਇਨ੍ਹਾਂ ਸਭ ਨਵੇਂ ਮੈਂਬਰਾਂ ਦਾ ਸੁਖਜਿੰਦਰ ਸਿੰਘ ਰੰਧਾਵਾ ਨੇ ਸਵਾਗਤ ਕਰਦਿਆਂ ਕਿਹਾ ਕਿ ਅੱਜ ਤੋਂ ਇਹ ਸਾਰੇ ਸਾਡਾ ਪਰਿਵਾਰ ਹਨ ਤੇ ਇਨ੍ਹਾਂ ਨੂੰ ਮਾਣ ਸਤਿਕਾਰ ਦੇਣਾ ਅਤੇ ਇਨ੍ਹਾਂ ਦੇ ਦੁੱਖ ਸੁੱਖ ਵਿੱਚ ਹਮੇਸ਼ਾ ਹਾਜ਼ਰ ਹੋਣਾ ਮੇਰੀ ਤੇ ਮੇਰੇ ਪਰਿਵਾਰ ਦੀ ਨੈਤਿਕ ਜ਼ਿੰਮੇਵਾਰੀ ਹੈ। ਮੀਡੀਆ ਨੂੰ ਇਹ ਜਾਣਕਾਰੀ ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਦੇ ਵਿਸ਼ਵਾਸਪਾਤਰ ਕਿਸ਼ਨ ਚੰਦਰ ਮਹਾਜ਼ਨ ਨੇ ਦਿੱਤੀ

# ਸਰਕਾਰੀ ਹਸਪਤਾਲ ਘਰਿਆਲਾ ਕੋਲ ਦੋ ਮੋਟਰਸਾਈਕਲਾ ਦੀ ਟੱਕਰ, ਦੋ ਦੀ ਮੌਤ, ਦੋ ਜ਼ਖ਼ਮੀ

ਪੰਜਾਬ ਦਾ ਖੁਲਾਸਾ

**ਤਰਨਤਾਰਨ, 10 ਨਵੰਬਰ ( ਬਿਓਰੋ )** - ਸਰਕਾਰੀ ਹਸਪਤਾਲ ਘਰਿਆਲਾ ਦੇ ਕੋਲ ਦੇਰ ਰਾਤ ਦੋ ਮੋਟਰਸਾਇਕਲਾਂ ਦੀ ਟੱਕਰ ਹੋ ਜਾਣ ਕਾਰਨ ਦੋ ਦੀ ਮੌਤ ਤੇ ਦੋ ਦੇ ਜ਼ਖ਼ਮੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕਾਂ ਦੀ ਪਹਿਚਾਣ ਤਰਲੋਕ ਸਿੰਘ ਪੁੱਤਰ ਅਰੂੜ ਸਿੰਘ ਵਾਸੀ ਪਿੰਡ ਢੋਟੀਆਂ ਅਤੇ ਦੁਸਰੇ ਦੀ ਪਹਿਚਾਣ ਜਗਜੀਤ ਸਿੰਘ ਪੁੱਤਰ ਤਰਸੇਮ ਸਿੰਘ ਵਾਸੀ ਪਿੰਡ ਤੂਤ ਦੇ ਰੂਪ ਵਿੱਚ ਹੋਈ ਹੈ । ਜਦਕਿ ਜ਼ਖ਼ਮੀਆਂ ਦੀ ਪਹਿਚਾਣ ਬਲਜਿੰਦਰ ਕੌਰ ਪਤਨੀ ਤਰਲੋਕ ਸਿੰਘ ਵਾਸੀ ਪਿੰਡ ਢੋਟੀਆਂ ਤੇ ਦੁਸਰੇ ਦੀ ਪਹਿਚਾਣ ਬਖਸ਼ੀਸ਼ ਸਿੰਘ ਪੁੱਤਰ ਭਜਨ ਸਿੰਘ ਵਾਸੀ ਪਿੰਡ ਪੂੰਨੀਆ ਦੇ ਰੂਪ ਵਿੱਚ ਹੋਈ ਹੈ । ਮਿਲੀ ਜਾਣਕਾਰੀ ਅਨੁਸਾਰ ਜ਼ਖ਼ਮੀ ਬਖਸੀਸ ਸਿੰਘ ਪੁੱਤਰ ਭਜਨ ਵਾਸੀ ਪੂਨੀਆ ਲੜਕੀ ਦਾ ਸ਼ਗਨ ਲਾ ਕੇ ਫਿਰੋਜ਼ਪੁਰ ਤੋਂ ਵਾਪਸ ਪਿੰਡ ਪੂਨੀਆ ਆ ਰਹੇ ਸਨ। ਨਜਦੀਕ ਸਰਕਾਰੀ ਹਸਪਤਾਲ ਘਰਿਆਲਾ ਦੇ ਨਜਦੀਕ ਦੋ ਮੋਟਰਸਾਇਕਲ ਦੀ ਟੱਕਰ ਚ ਹੋ ਗਈ ਇਸ ਦੌਰਾਨ ਦੋ ਦੀ ਮੌਕੇ ਤੇ ਹੀ ਮੌਤ ਹੋ ਗਈ ਜਦਕਿ ਦੋ ਜ਼ਖ਼ਮੀ ਹੋ ਗਏ ਮੌਕੇ ਤੇ ਪਹੁੰਚੀ ਥਾਣਾ ਸਦਰ ਪੱਟੀ ਦੀ ਪੁਲਿਸ ਨੇ ਲਾਸ਼ਾਂ ਨੂੰ ਕਬਜ਼ੇ ਵਿਚ ਲੈਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਪੱਟੀ ਵਿਖੇ ਲਿਆਂਦਾ ਹੈ ।




# ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਲੋਂ ਗਿੱਦੜਬਾਹਾ ਦੇ ਦਰਜਨਾਂ ਪਿੰਡਾਂ ਵਿੱਚ ਆਮ ਆਦਮੀ ਪਾਰਟੀ ਖਿਲਾਫ ਕੀਤਾ ਗਿਆ ਝੰਡਾ ਮਾਰਚ

ਪੰਜਾਬ ਦਾ ਖੁਲਾਸਾ

**ਪੰਨੀ ਵਾਲਾ ਫੱਤਾ 10 ਨਵੰਬਰ ਬਲਕਰਨ ਜਟਾਣਾ-** - ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਲੋਂ ਹਲਕਾ ਗਿੱਦੜਬਾਹਾ ਦੇ ਪਿੰਡਾਂ ਵਿੱਚ ਆਮ ਆਦਮੀ ਪਾਰਟੀ ਅਤੇ ਕੇਂਦਰ ਦੀ ਭਾਜਪਾ ਸਰਕਾਰ ਖਿਲਾਫ ਝੰਡਾ ਮਾਰਚ ਅਤੇ ਰੋਸ ਰੈਲੀਆਂ ਕੀਤੀਆਂ ਗਈਆਂ। ਇਨ੍ਹਾਂ ਰੈਲੀਆਂ ਨੂੰ ਜਥੇਬੰਦੀ ਦੇ ਸੂਬਾ ਕਮੇਟੀ ਮੈਂਬਰ ਕੁਲਵੰਤ ਸਿੰਘ ਕਿਸ਼ਨਗੜ੍ਹ, ਮਾਨਸਾ ਜ਼ਿਲ੍ਹੇ ਦੇ ਪ੍ਰਧਾਨ ਲਖਬੀਰ ਸਿੰਘ ਅਕਲੀਆ, ਗਿੱਦੜਬਾਹਾ ਬਲਾਕ ਦੇ ਆਗੂ ਦਲਵਿੰਦਰ ਸਿੰਘ, ਹਰਵਿੰਦਰ ਸਿੰਘ ਗੱਗੂ, ਤਾਰਾ ਚੰਦ ਬਰੇਟਾ ਅਤੇ ਸੁਖਜਿੰਦਰ ਸਿੰਘ ਬੱਬੂ ਤੋਂ ਇਲਾਵਾ ਹੋਰ ਆਗੂਆਂ ਨੇ ਵੀ ਸੰਬੋਧਨ ਕੀਤਾ।



ਝੰਡਾ ਮਾਰਚ ਅਤੇ ਰੇਲੀਆਂ ਦੌਰਾਨ ਬੁਲਾਰਿਆਂ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਅਬਾਦਕਾਰ ਕਿਸਾਨਾਂ ਤੋਂ ਉਨ੍ਹਾਂ ਦੇ ਜ਼ਮੀਨੀ ਹੱਕ ਖੋਹ ਰਹੀ ਹੈ । ਝੋਨੇ ਦੀ ਖਰੀਦ ਵਿੱਚ ਸੈਂਕੜੇ ਰੁਪਏ ਦੀ ਕਾਟ ਦੀ ਮੰਗ ਕੀਤੀ ਜਾ ਰਹੀ ਹੈ, ਮੰਡੀਆਂ ਵਿੱਚ ਝੋਨੇ ਦੀ ਫਸਲ ਰੁਲ ਰਹੀ ਹੈ ਪਰ ਸਰਕਾਰ ਵੱਲੋਂ ਲਿਫਟਿੰਗ ਦਾ ਪ੍ਰਬੰਧ ਨਹੀ। ਹਾੜੀ ਦੀ ਫਸਲ ਲਈ ਕਿਸਾਨ ਡੀਏਪੀ ਦੀ ਕਿੱਲਤ ਨਾਲ ਜੂਝ ਰਹੇ ਹਨ, ਕਣਕ ਦੀ ਬਿਜਾਈ ਦਾ ਸਮਾਂ ਲੰਘਦਾ ਜਾਣ ਕਾਰਨ ਜੇ ਕਿਸਾਨ ਪਰਾਲੀ ਨੂੰ ਮਜਬੂਰਨ ਅੱਗ ਲਗਾ ਰਹੇ ਹਨ ਤਾਂ ਸਰਕਾਰ ਪੁਲਿਸ ਕੇਸ ਦਰਜ ਕਰ ਰਹੀ ਹੈ ਅਤੇ ਜ਼ਮੀਨੀ ਰਿਕਾਰਡ ਵਿੱਚ ਰੈੱਡ ਐਂਟਰੀਆਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਅਬਾਦ ਕੀਤੀ ਜੱਦੀ ਪੁਸ਼ਤੀ ਜ਼ਮੀਨ ਤੋਂ ਕਿਸਾਨਾਂ ਨੂੰ ਬੇਦਖ਼ਲ ਕੀਤਾ ਜਾ ਰਿਹਾ ਹੈ । ਦੂਜੇ ਪਾਸੇ ਭਾਜਪਾ ਦੀ ਕੇਂਦਰ ਸਰਕਾਰ ਲੁਕਵੇਂ ਏਜੰਡੇ ਰਾਹੀਂ ਮੰਡੀ ਸਿਸਟਮ ਖਤਮ ਕਰਨਾ ਚਾਹੁੰਦੀ ਹੈ ਅਤੇ ਖੇਤੀ 'ਤੇ ਕਾਰਪੋਰਟ ਘਰਾਣਿਆਂ ਦਾ ਕਬਜ਼ਾ ਕਰਾਉਣਾ ਚਾਹੁੰਦੀ ਹੈ । ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਸਰਕਾਰਾਂ ਤੋਂ ਭਲੇ ਦੀ ਝਾਕ ਛੱਡਦੇ ਹੋਏ ਆਪਣੀ ਜਥੇਬੰਦਕ ਤਾਕਤ ਮਜ਼ਬੂਤ ਕੀਤੀ ਜਾਵੇ ਅਤੇ ਸੰਘਰਸ਼ਾਂ ਦੇ ਮੈਦਾਨ ਮੱਲੇ ਜਾਣ ।

ਇਸ ਮੌਕੇ ਗਿੱਦੜਬਾਹਾ ਹਲਕੇ ਦੇ ਵੱਖ ਵੱਖ ਪਿੰਡਾਂ ਛੱਤੇਆਣਾ, ਕੋਠੇ ਦਸਮੇਸ਼ ਨਗਰ, ਕੋਟ ਲਾਈ, ਮੰਨੀਆਂ ਵਾਲਾ , ਖੂਨਣ ਖੁਰਦ, ਗਿਲਜੇ ਵਾਲਾ, ਚੱਕ ਗਿਲਜੇ ਵਾਲਾ, ਦੂਹੇ ਵਾਲਾ, ਅਬਲੂ, ਸਮਾਘ, ਕੋਟ ਭਾਈ, ਸ਼ੇਖ, ਰੁਖਾਲਾ, ਕੋਠੇ ਹਿੰਮਤਪੁਰਾ ਆਦਿ ਦਰਜਨ ਦੇ ਕਰੀਬ ਪਿੰਡਾਂ ਵਿੱਚ ਝੰਡਾ ਮਾਰਚ ਅਤੇ ਜਾਗਰੂਕਤਾ ਰੈਲੀਆਂ ਕੱਢੀਆਂ ਗਈਆਂ । ਇਸ ਸਮੇਂ ਸੰਬੋਧਨ ਕਰਨ ਵਾਲੇ ਆਗੂਆਂ ਵਿੱਚ ਕੁਲਵੰਤ ਸਿੰਘ ਕਿਸ਼ਨਗੜ੍ਹ, ਲਖਵੀਰ ਸਿੰਘ ਅਕਲੀਆ, ਤਾਰਾ ਚੰਦ ਬਰੇਟਾ, ਬਲਜੀਤ ਸਿੰਘ ਭੈਣੀ, ਸੁਖਜਿੰਦਰ ਸਿੰਘ ਬੱਬੂ, ਦਲਵਿੰਦਰ ਸਿੰਘ, ਹਰਵਿੰਦਰ ਸਿੰਘ ਗੱਗੂ, ਬਲਦੇਵ ਸਿੰਘ ਪਿੱਪਲੀਆਂ, ਮੇਲਾ ਸਿੰਘ ਦਿਆਲਪੁਰਾ, ਤੇਜਰਾਮ ਅਹਿਮਦਪੁਰ, ਗੁਰਪ੍ਰੀਤ ਸਿੰਘ, ਪਾਲਾ ਸਿੰਘ ਕੁਲਰੀਆਂ, ਬੱਬੂ ਸਿੰਘ ਮੁਕਤਸਰ ਤੋਂ ਇਲਾਵਾ ਇਲਾਕੇ ਦੇ ਕਿਸਾਨ ਭਾਰੀ ਗਿਣਤੀ ਵਿੱਚ ਹਾਜ਼ਰ ਸਨ।



# ਬਜਰੰਗ ਦਲ ਵੱਲੋਂ ਲਗਾਇਆ ਗਿਆ ਖ਼ੂਨਦਾਨ ਕੈਂਪ

ਪੰਜਾਬ ਦਾ ਖੁਲਾਸਾ

**ਜਗਰਾਉਂ 10 ਨਵੰਬਰ ( ਜਸਵਿੰਦਰ ਸਿੰਘ ਡਾਂਗੀਆ)** ਬਜਰੰਗ ਦਲ ਜਗਰਾਉਂ ਵਲੋਂ ਖ਼ੂਨਦਾਨ ਕੈਂਪ ਜੈਨ ਚੈਰੀਟੇਬਲ ਹਸਪਤਾਲ ਜਗਰਾਉਂ ਵਿਖੇ ਰੈੱਡ ਕਰਾਸ ਲੁਧਿਆਣਾ ਦੀ ਰਹਿਨੁਮਾਈ ਹੇਠ ਲਗਾਇਆ ਗਿਆ ਇਸ ਖ਼ੂਨ ਦਾਨ ਕੈਂਪ ਵਿੱਚ ਪਹੁੰਚੇ ਭਾਰਤੀ ਜਨਤਾ ਪਾਰਟੀ ਦੇ ਜਿਲਾ ਪ੍ਰਧਾਨ ਕਰਨਲ ਇੰਦਰਪਾਲ ਸਿੰਘ ਧਾਲੀਵਾਲ ਨੇ ਬਜਰੰਗ ਦਲ ਵੱਲੋਂ ਲਗਾਏ ਗਏ ਖ਼ੂਨਦਾਨ ਕੈਂਪ ਦੀ ਸਲਾਂਘਾ ਕੀਤੀ ਉਹਨਾਂ ਕਿਹਾ ਕਿ ਹਰ ਇੱਕ ਵਿਅਕਤੀ ਨੂੰ ਖ਼ੂਨ ਦਾਨ ਕਰਨਾ ਚਾਹੀਦਾ ਹੈ ?ਧਾਲੀਵਾਲ ਨੇ ਕਿਹਾ ਕਿ ਖ਼ੂਨ ਦਾਨ ਕਰਨਾ ਇੱਕ ਜੀਵਨ ਦਾਨ ਦੇਣ ਦੇ ਬਰਾਬਰ ਹੈ ਧਾਲੀਵਾਲ ਨੇ ਕਿਹਾ ਇਹ ਖ਼ੂਨ ਦਾਨ ਕਰਨ ਨਾਲ ਕਈ ਜ਼ਿੰਦਗੀਆਂ ਬਚ ਸਕਦੀਆਂ ਹਨ ਇਸ ਖ਼ੂਨਦਾਨ ਕੈਂਪ ਦੌਰਾਨ 50 ਯੂਨਿਟ ਖ਼ੂਨ ਦਾਨ ਕੀਤਾ ਗਿਆ ਇਸ ਦੌਰਾਨ ਬਜਰੰਗ ਦਲ ਦੇ ਕਾਰਯਕਰਤਾ ਨੇ ਵਿਕਰਮ ਜੀ ਦੀ ਅਗਵਾਈ ਹੇਠ ਇਹ ਉਪਰਾਲਾ ਕੀਤਾ ਇਸ ਦੌਰਾਨ ਭਾਰਤੀ ਜਨਤਾ ਪਾਰਟੀ ਜਿਲ੍ਹਾ ਜਗਰਾਉਂ ਦੇ ਪ ?ਧਾਨ ਕਰਨਲ ਇੰਦਰਪਾਲ ਸਿੰਘ ਧਾਲੀਵਾਲ( Retd) , ਡਾ ਰਾਜਿੰਦਰ ਸ਼ਰਮਾ, ਟੋਨੀ ਵਰਮਾ ਅਤੇ ਸੁਮੀਤ ਅਰੋੜਾ ਨੇ ਆਪਣੀ ਹਾਜ਼ਰੀ ਲਵਾਈ.

# ਭੇਦ ਭਰੇ ਹਾਲਾਤਾਂ ਵਿੱਚ ਦਰਖਤ ਨਾਲ ਲਟਕਦੀ ਮਿਲੀ ਪਰਵਾਸੀ ਮਜ਼ਦੂਰ ਦੀ ਲਾਸ਼

ਪੰਜਾਬ ਦਾ ਖੁਲਾਸਾ

**ਗੁਰਦਾਸਪੁਰ, 10 ਨਵੰਬਰ ( ਬਿਓਰੋ )** - ਥਾਣਾ ਪੁਰਾਨਾ ਸ਼ਾਲਾ ਵਿਖੇ ਪੈਂਦੇ ਪਿੰਡ ਕਲੀਚਪੁਰ ਵਿੱਖੇ ਸ਼ਮਸ਼ਾਨ ਘਾਟ ਦੇ ਨੇੜੇ ਦਰਖਤ ਨਾਲ ਲਟਕਦੀ ਪ੍ਰਵਾਸੀ ਮਜ਼ਦੂਰ ਦੀ ਲਾਸ਼ ਮਿਲਣ ਦੀ ਖਬਰ ਸਾਹਮਣੇ ਆਈ ਹੈ। ਇਕੱਠੀ ਕੀਤੀ ਜਾਣਕਾਰੀ ਅਨੁਸਾਰ ਮ੍ਰਿਤਕ ਦੀ ਪਹਿਚਾਨ ਸ਼ਿਵਾ ਧੀਮਾਰ ਵਾਸੀ ਛੱਤੀਸਗੜ੍ਹ ਦੇ ਤੌਰ ਤੇ ਹੋਈ ਹੈ ਜੋ ਇਟਾਂ ਦੇ ਭੱਠੇ ਤੇ ਮਜ਼ਦੂਰੀ ਕਰਦਾ ਸੀ। ਪੁਰਾਣਾ ਸ਼ਾਲਾ ਪੁਲਿਸ ਨੇ ਲਾਸ਼ ਨੂੰ ਕਬਜ਼ੇ ਚ ਲੈ ਕੇ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ । ਐਸ ਐਚ ਓ ਥਾਣਾ ਪੁਰਾਣਾ ਸ਼ਾਲਾ ਕ੍ਰਿਸ਼ਮਾ ਨੇ ਦੱਸਿਆ ਕਿ ਇੰਝ ਲੱਗਦਾ ਹੈ ਕਿ ਇਸ ਦਾ ਕਤਲ ਕਰਕੇ ਦਰਖਤ ਨਾਲ ਰੱਸੀ ਨਾਲ ਬਣ ਕੇ ਲਟਕਾ ਦਿੱਤਾ ਗਿਆ ਹੈ ਕਿਉਂਕਿ ਇਸ ਦੇ ਹੱਥ ਵੀ ਪਿੱਠ ਪਿੱਛੇ ਬੰਨੇ ਹੋਏ ਸਨ। ਫਿਲਹਾਲ ਇਸ ਦੀ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ ਤੇ ਮਾਮਲੇ ਦੀ ਪੜਤਾਲ ਸ਼ੁਰੂ ਕਰ ਦਿੱਤੀ ਗਈ ਹੈ।

# ਮਹਾਨ ਪੈਦਲ ਯਾਤਰਾ ਦੇ ਸੁਆਗਤ ਚ ' ਮੇਵਾ ਸਿੰਘ ਵਾਲਾ ਪੰਪ ਤੇ ਲੰਗਰ ਲਗਾਇਆ

ਪੰਜਾਬ ਦਾ ਖੁਲਾਸਾ

**ਕਪੂਰਥਲਾ, 10 ਨਵੰਬਰ( ਕੌੜਾ)**- ਜਗਤ ਗੁਰੂ ਬਾਬਾ ਨਾਨਕ ਦੇ ਪ੍ਰਕਾਸ਼ ਉਤਸਵ ਨੂੰ ਸਮਰਪਿਤ ਪੈਦਲ ਯਾਤਰਾ ਵਿੱਚ ਸ਼ਾਮਲ ਸੰਗਤਾਂ ਦਾ ਥਾਂ-ਥਾਂ ਤੇ ਨਿੱਘਾ ਸਵਾਗਤ ਕੀਤਾ ਗਿਆ। ਇਸ ਸੰਬੰਧੀ ਪਿੰਡ ਮੇਵਾ ਸਿੰਘ ਵਾਲਾ ਦੇ ਪੈਟਰੋਲ ਪੰਪ ਤੇ ਲੰਗਰ ਲਗਾਕੇ ਪੈਦਲ ਯਾਤਰਾ ਵਿੱਚ ਸੰਗਤਾਂ ਵਿੱਚ ਵਰਤਾਇਆ ਗਿਆ। ਜਿਕਰਯੋਗ ਹੈ ਕਿ ਇਸ ਲੰਗਰ ਦੀ ਸੇਵਾ ਪਿੰਡ ਵਲਣੀ ਦੀ ਸਮੁੱਚੀ ਸੰਗਤ ਵਲੋਂ ਹਰ ਸਾਲ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਹੋ ਕੇ ਨਿਭਾਈ ਜਾ ਰਹੀ ਹੈ। ਲੰਗਰ ਦੇ ਆਯੋਜਕਾਂ ਪ੍ਰਧਾਨ ਅਮਰਜੀਤ ਸਿੰਘ, ਸੂਰਤ ਸਿੰਘ, ਸੌਰਵਪੀ ?ਤ ਸਿੰਘ,ਸੰਤੋਖ ਸਿੰਘ, ਸੈਕਟਰੀ ਕੁਲਵੀਰ ਸਿੰਘ, ਗੁਰਮੇਜ ਸਿੰਘ, ਗੁਰਮੇਜ ਸਿੰਘ ਵੇਰਕਾ, ਬਿੱਕਰ ਸਿੰਘ, ਗਿਆਨ ਸਿੰਘ, ਕੁਸ਼ਵਿੰਦਰ ਸਿੰਘ ਸੈਦਪੁਰ, ਸੁਖਦੇਵ ਸਿੰਘ, ਤਰਸੇਮ ਸਿੰਘ, ਸੁਰਿੰਦਰ ਸਿੰਘ, ਬਖਸ਼ੀ ਸਿੰਘ, ਮੰਗਾ,ਬੱਗਾ, ਪਰਮਜੀਤ ਸਿੰਘ, ਯਾਦਵਿੰਦਰ ਸਿੰਘ, ਗੁਰਿੰਦਰ ਸਿੰਘ ਰਾਜਾ, ਦਿਲਬਾਗ ਸਿੰਘ, ਪਰਮਜੀਤ ਸਿੰਘ, ਕੁਲਵਿੰਦਰਜੀਤ ਸਿੰਘ, ਅਰਨਵ ਸਿੰਘ, ਕਰਮਜੀਤ ਸਿੰਘ ਆਦਿ ਨਗਰ ਨਿਵਾਸੀ ਸਖਸ਼ੀਅਤਾਂ ਹਾਜਰ ਸਨ।



ਮੌਕੇ ਤੇ ਹਾਜ਼ਰ ਸੰਗਤਾਂ ਵਲੋਂ ਸੁਖਵੰਤ ਸਿੰਘ ਦਾ ਉਚੇਚੇ ਤੌਰ ਤੇ ਸਨਮਾਨ ਕੀਤਾ ਗਿਆ।

# ਪੰਜਾਬ ਯੂਨੀਵਰਸਿਟੀ ਦੀ ਸੈਨਟ ਨੂੰ ਭੰਗ ਕਰਕੇ ਕੇਂਦਰ ਸਰਕਾਰ ਨੂੰ ਕਬਜ਼ਾ ਕਰਵਾਉਣ ਦੇ ਯਤਨ ਨਾ ਸਹਿਣਯੋਗ ਪ੍ਰੋ. ਬਡੂੰਗਰ

ਪੰਜਾਬ ਦਾ ਖੁਲਾਸਾ

**ਚੰਡੀਗੜ੍ਹ, 10 ਨਵੰਬਰ ( ਬਿਓਰੋ )** - ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਕੇਂਦਰ ਸਰਕਾਰ ਵੱਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਸੈਨੇਟ ਖ਼ਤਮ ਕਰਨ ਦੀ ਕੇਂਦਰ ਸਰਕਾਰ ਦੀ ਤਜਵੀਜ਼ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਪੰਜਾਬ ਨਾਲ ਕੀਤੇ ਜਾ ਰਹੇ ਦਰ-ਬ-ਦਰ ਧੱਕਿਆਂ ਨੂੰ ਬੰਦ ਕੀਤਾ ਜਾਵੇ।

**ਕਿਹਾ:- ਦੇਸ਼ ਦੀ ਵੰਡ ਤੋਂ ਬਾਅਦ ਲਾਹੌਰ ਦੀ ਪੰਜਾਬ ਵਰਸਿਟੀ ਵਾਂਗ ਪੰਜਾਬ ਯੂਨੀਵਰਸਿਟੀ ਬਣਾਈ ਗਈ ਸੀ ਚੰਡੀਗੜ੍ਹ ਵਿੱਚ**



ਪ੍ਰੋ. ਬਡੂੰਗਰ ਨੇ ਕਿਹਾ ਕਿ ਦੇਸ਼ ਦੀ ਵੰਡ ਤੋਂ ਪਹਿਲਾਂ ਪੰਜਾਬ ਦੇ ਲਾਹੌਰ ( ਲਹਿੰਦੇ ਪੰਜਾਬ, ਹੁਣ ਪਾਕਿਸਤਾਨ ) ਵਿੱਚ ਪੰਜਾਬ ਯੂਨੀਵਰਸਿਟੀ ਸੀ, ਦੇਸ਼ ਦੀ ਵੰਡ ਤੋਂ ਬਾਅਦ ਨਵੀਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਬਣਾ ਦਿੱਤੀ ਗਈ।

ਪ੍ਰੋ. ਬਡੂੰਗਰ ਨੇ ਕਿਹਾ ਕਿ 1 ਨਵੰਬਰ 1966 ਨੂੰ ਕੇਂਦਰ ਸਰਕਾਰ ਵੱਲੋਂ ਪੰਜਾਬ ਨੂੰ ਵੰਡ ਕੇ ਤਿੰਨ ਟੁਕੜੇ ਕਰਦਿਆਂ ਹਰਿਆਣਾ ਤੇ ਹਿਮਾਚਲ ਬਣਾ ਦਿੱਤੇ ਗਏ, ਤੇ ਪੰਜਾਬ ਦੇ ਪੰਜਾਬੀ ਬੋਲਦੇ ਅਨੇਕਾਂ ਪਿੰਡਾਂ ਨੂੰ ਉਜਾੜ ਕੇ ਚੰਡੀਗੜ੍ਹ ਬਣਾ ਦਿੱਤਾ ਗਿਆ ਤੇ ਚੰਡੀਗੜ੍ਹ ਨੂੰ ਪੰਜਾਬ ਦੀ ਰਾਜਧਾਨੀ ਬਣਾ ਦਿੱਤਾ ਗਿਆ ਸੀ । ਉਨ੍ਹਾਂ ਕਿਹਾ ਕਿ ਪੰਜਾਬ ਦੀ ਹਾਈ ਕੋਰਟ ਤੇ ਪੰਜਾਬੀ ਬੋਲਦੇ ਇਲਾਕੇ, ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਅਧਿਕਾਰ ਪੰਜਾਬ ਕੋਲੋਂ ਖੋ ਲਏ ਗਏ। ਪ੍ਰੋਫੈਸਰ ਬਡੂੰਗਰ ਨੇ ਕਿਹਾ ਕਿ ਪੰਜਾਬ ਵਿੱਚੋਂ 1966 ਵਿੱਚ ਨਵੇਂ ਰਾਜ ਬਣਨ ਉਪਰੰਤ ਚੰਡੀਗੜ੍ਹ ਨੂੰ ਪੰਜਾਬ ਤੇ ਹਰਿਆਣਾ ਵਿੱਚ 60% ਤੇ 40% ਰੇਸ਼ੋ ਨਿਸ਼ਚਿਤ ਕਰ ਦਿੱਤੀ ਗਈ ਜਿਸ ਦੌਰਾਨ ਪੰਜਾਬ 60% ਤੇ 40% ਹਰਿਆਣਾ ਦਾ ਕੋਟਾ ਨਿਸ਼ਚਿਤ ਕਰ ਦਿੱਤਾ ਗਿਆ। ਪ੍ਰੋ. ਬਡੂੰਗਰ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਯੂਨੀਵਰਸਿਟੀ ਦੀ ਸੈਨਟ ਨੂੰ ਭੰਗ ਕਰਕੇ ਕੇਂਦਰ ਸਰਕਾਰ ਦਾ ਪੂਰਾ ਕਬਜ਼ਾ ਕਰਵਾਉਣ ਦੇ ਯਤਨ ਕੀਤੇ ਜਾ ਰਹੇ ਹਨ, ਜਿਸ ਕਾਰਨ ਪੰਜਾਬੀਆਂ ਵਿੱਚ ਬਹੁਤ ਵੱਡਾ ਰੋਸ ਹੈ। ਉਹਨਾਂ ਕਿਹਾ ਕਿ ਪੰਜਾਬੀਆਂ ਨਾਲ ਪਹਿਲਾਂ ਹੀ ਵੱਡਾ ਧੱਕਾ ਹੋਇਆ ਹੈ ਤੇ ਹੁਣ ਇਹ ਹੋਰ ਪੰਜਾਬ ਨਾਲ ਹੋਰ ਵੱਡਾ ਨਾ ਸਹਿਣਯੋਗਣ ਧੱਕਾ ਹੋਵੇਗਾ । ਪ੍ਰੋਫੈਸਰ ਬਡੂੰਗਰ ਨੇ ਕੇਂਦਰ ਦੀ ਬੀਜੇਪੀ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਕਾਂਗਰਸ ਸਰਕਾਰ ਵੱਲੋਂ ਪਹਿਲਾਂ ਤੋਂ ਕੀਤੇ ਜਾ ਰਹੇ ਧੱਕਿਆਂ ਨੂੰ ਦੂਰ ਕਰੇ, ਨਾਕਿ ਹੋਰ ਪੰਜਾਬ ਨਾਲ ਧੱਕੇ ਕੀਤੇ ਜਾਣ।

# ਗੁਰਪ੍ਰੀਤ ਸਿੰਘ ਹਰੀ ਨੌ ਕਤਲ ਕਾਂਡ: ਪੰਜਾਬ ਪੁਲਿਸ ਵੱਲੋਂ ਅੱਤਵਾਦੀ ਅਰਸ਼ ਡੱਲਾ ਗਿਰੋਹ ਦੇ ਦੋ ਸ਼ੂਟਰਾਂ ਦੀ ਗ੍ਰਿਫਤਾਰੀ ਨਾਲ ਟਾਰਗੇਟ ਕਿਲਿੰਗ ਦੀਆਂ ਚਾਰ ਸੰਭਾਵਿਤ ਕੋਸ਼ਿਸ਼ਾਂ ਨੂੰ ਟਾਲਿਆ ਅਤੇ ਤਿੰਨ ਸਨਸਨੀਖੇਜ਼ ਅਪਰਾਧਾਂ ਦੀ ਗੁੱਥੀ ਸੁਲਝਾਈ



**ਪੁਲਿਸ ਟੀਮਾਂ ਨੇ ਮੁਲਜ਼ਮਾਂ ਨੂੰ ਪਨਾਹ ਦੇਣ ਅਤੇ ਲੌਜਿਸਟਿਕਸ ਸਹਾਇਤਾ ਪ੍ਰਦਾਨ ਕਰਨ ਲਈ ਸ਼ੂਟਰ ਨਵਜੋਤ ਦੇ ਭਰਾ ਨੂੰ ਵੀ ਕੀਤਾ ਗ੍ਰਿਫ਼ਤਾਰ: ਐਸਐਸਪੀ ਫਰੀਦਕੋਟ ਡਾ. ਪ੍ਰਗਿਆ ਜੈਨ**

**ਜਾਂਚ ਅਨੁਸਾਰ ਗ੍ਰਿਫਤਾਰ ਸ਼ੂਟਰਾਂ ਨੇ ਅਰਸ਼ ਡੱਲਾ ਦੇ ਇਸ਼ਾਰੇ 'ਤੇ ਗਵਾਲੀਅਰ 'ਚ ਜਸਵੰਤ ਗਿੱਲ ਦੇ ਕਤਲ ਨੂੰ ਵੀ ਦਿੱਤਾ ਸੀ ਅੰਜ਼ਾਮ**

✦ ਪੰਜਾਬ ਦਾ ਖੁਲਾਸਾ

**ਚੰਡੀਗੜ੍ਹ/ਫਰੀਦਕੋਟ, 10 ਨਵੰਬਰ ( ਬਿਓਰੋ )**- ਗੁਰਪ੍ਰੀਤ ਸਿੰਘ ਹਰੀ ਨੌਂ ਦੇ ਕਤਲ ਵਿੱਚ ਸ਼ਮੂਲੀਅਤ ਲਈ ਗੈਂਗਸਟਰ ਤੋਂ ਅੱਤਵਾਦੀ ਬਣੇ ਅਰਸ਼ ਡੱਲਾ ਦੇ ਦੋ ਮੁੱਖ ਕਾਰਕੁਨਾਂ ਦੀ ਗ੍ਰਿਫ਼ਤਾਰੀ ਨਾਲ ਪੰਜਾਬ ਪੁਲਿਸ ਨੇ ਘੱਟੋ-ਘੱਟ ਚਾਰ ਹੋਰ ਸੰਭਾਵਿਤ ਟਾਰਗੇਟ ਕਿਲਿੰਗ ਦੀਆਂ ਕੋਸ਼ਿਸ਼ਾਂ ਨੂੰ ਨਾਕਾਮ ਕਰਨ ਦੇ ਨਾਲ-ਨਾਲ ਮੱਧ ਪ੍ਰਦੇਸ਼ ਵਿਖੇ ਕਤਲ ਦੀ ਵਾਰਦਾਤ ਸਮੇਤ ਤਿੰਨ ਸਨਸਨੀਖੇਜ਼ ਅਪਰਾਧਤ ਘਟਨਾਵਾਂ ਦੀ ਗੁੱਥੀ ਨੂੰ ਸੁਲਝਾ ਲਿਆ ਹੈ। ਇਹ ਆਪ੍ਰੇਸ਼ਨ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐਸ.ਐਸ.ਓ.ਸੀ.) ਮੋਹਾਲੀ, ਐਂਟੀ ਗੈਂਗਸਟਰ ਟਾਸਕ ਫੋਰਸ (ਏ.ਜੀ.ਟੀ.ਐਫ.) ਅਤੇ ਫਰੀਦਕੋਟ ਜ਼ਿਲ੍ਹਾ ਪੁਲਿਸ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ ਸੀ।

ਇਹ ਸਫ਼ਲਤਾ ਇਸ ਕੇਸ ਵਿੱਚ ਰੇਕੀ ਮਾਡਿਊਲ ਦੇ ਤਿੰਨ ਮੈਂਬਰਾਂ ਦੀ ਗ੍ਰਿਫ਼ਤਾਰੀ ਤੋਂ ਇੱਕ ਮਹੀਨੇ ਤੋਂ ਵੀ ਘੱਟ ਸਮੇਂ ਅੰਦਰ ਹਾਸਲ ਹੋਈ ਹੈ।

ਫਰੀਦਕੋਟ ਦੇ ਸੀਨੀਅਰ ਪੁਲਿਸ ਕਪਤਾਨ (ਐੱਸਐੱਸਪੀ) ਡਾ. ਪ੍ਰਗਿਆ ਜੈਨ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਅਨਮੋਲਪ੍ਰੀਤ ਸਿੰਘ ਉਰਫ਼ ਵਿਸ਼ਾਲ ਵਾਸੀ ਭਦੌੜ, ਬਰਨਾਲਾ ਅਤੇ ਨਵਜੋਤ ਸਿੰਘ ਉਰਫ਼ ਨੀਤੂ ਵਾਸੀ ਨਿੱਝਰ ਰੋਡ, ਖਰੜ ਵਜੋਂ ਹੋਈ ਹੈ। ਪੁਲਿਸ ਟੀਮਾਂ ਨੇ ਉਨ੍ਹਾਂ ਦੇ ਸਾਥੀ ਬਲਵੀਰ ਸਿੰਘ ਉਰਫ਼ ਕਾਲੂ, ਜੋ ਕਿ ਸ਼ੂਟਰ ਨਵਜੋਤ ਸਿੰਘ ਦਾ ਭਰਾ ਹੈ, ਨੂੰ ਵੀ ਅਪਰਾਧੀਆਂ ਦੀ ਮਦਦ ਕਰਨ ਅਤੇ ਅਪਰਾਧ ਲਈ ਉਕਸਾਉਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫਤਾਰ ਕੀਤੇ ਗਏ ਸਾਰੇ ਵਿਅਕਤੀਆਂ ਦਾ ਪੁਰਾਣਾ ਅਪਰਾਧਕ ਰਿਕਾਰਡ ਹੈ।

ਪੁਲਿਸ ਟੀਮਾਂ ਨੇ ਮੁਲਜ਼ਮਾਂ ਕੋਲੋਂ ਦੋ ਅਤਿ ਆਧੁਨਿਕ ਪਿਸਤੌਲ ਵੀ ਬਰਾਮਦ ਕੀਤੇ ਹਨ ਜਿਨ੍ਹਾਂ ਵਿੱਚ ਸੱਤ ਜਿੰਦਾ ਕਾਰਤੂਸਾਂ ਸਮੇਤ ਇੱਕ 9 ਐਮ.ਐਮ. ਜ਼ੀਗਾਨਾ ਪਿਸਤੌਲ ਅਤੇ ਚਾਰ ਜਿੰਦਾ ਕਾਰਤੂਸਾਂ ਸਮੇਤ ਇੱਕ .30 ਬੋਰ ਪਿਸਤੌਲ ਸ਼ਾਮਲ ਹੈ। ਇਸ ਤੋਂ ਇਲਾਵਾ ਪੁਲਿਸ ਨੇ ਉਨ੍ਹਾਂ ਕੋਲੋਂ 27,500 ਰੁਪਏ ਦੀ ਨਕਦੀ ਅਤੇ ਮੁਲਜ਼ਮਾਂ ਵੱਲੋਂ ਵੱਖ-ਵੱਖ ਅਪਰਾਧਾਂ ਨੂੰ ਅੰਜ਼ਾਮ ਦੇਣ ਲਈ ਵਰਤਿਆ ਜਾ ਰਿਹਾ ਇੱਕ ਫਰਜ਼ੀ ਆਧਾਰ ਕਾਰਡ ਵੀ ਬਰਾਮਦ ਕੀਤਾ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ 9 ਅਕਤੂਬਰ 2024 ਨੂੰ ਗੁਰਪ੍ਰੀਤ ਸਿੰਘ ਹਰੀ ਨੌਂ ਉਰਫ਼ ਭੋਡੀ ਆਪਣੇ ਮੋਟਰਸਾਈਕਲ ਹੀਰੋ ਸਪਲੈਂਡਰ ਰਜਿਸਟ੍ਰੇਸ਼ਨ ਨੰਬਰ ਪੀ.ਬੀ-04ਯੂ-3258 'ਤੇ ਪਿੰਡ ਦੇ ਗੁਰਦੁਆਰਾ ਸਾਹਿਬ ਤੋਂ ਘਰ ਵਾਪਸ ਆ ਰਿਹਾ ਰਿਹਾ ਸੀ, ਜਿਸ ਸਮੇਂ ਗੋਲੀਆਂ ਮਾਰ ਕੇ ਉਸਦਾ ਕਤਲ ਕਰ ਦਿੱਤਾ ਗਿਆ।

ਐਸ.ਐਸ.ਪੀ. ਡਾ. ਪ੍ਰਗਿਆ ਜੈਨ ਨੇ ਦੱਸਿਆ ਕਿ ਮੁੱਢਲੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਅਰਸ਼ ਡੱਲਾ ਨੇ ਨਵਜੋਤ ਉਰਫ਼ ਨੀਤੂ ਨੂੰ ਗੁਰਪ੍ਰੀਤ ਸਿੰਘ ਹਰੀ ਨੌਂ, ਜੋ ਹਰੀ ਨੌਂ ਟਾਕਸ ਦੇ ਨਾਂ 'ਤੇ ਇੱਕ ਯੂਟਿਊਬ ਚੈਨਲ ਚਲਾਉਂਦਾ ਸੀ, ਨੂੰ ਮਾਰਨ ਦਾ ਕੰਮ ਸੌਂਪਿਆ ਸੀ। ਅਰਸ਼ ਡੱਲਾ ਨੇ ਗੁਰਪ੍ਰੀਤ ਹਰੀ ਨੌਂ ਬਾਰੇ ਲੋੜੀਂਦੀ ਜਾਣਕਾਰੀ ਨਵਜੋਤ ਉਰਫ਼ ਨੀਤੂ ਨਾਲ ਸਾਂਝੀ ਕੀਤੀ ਅਤੇ ਉਸ ਨੂੰ ਇਸ ਕੰਮ ਨੂੰ ਅੰਜ਼ਾਮ ਦੇਣ ਲਈ ਹੋਰ ਸਾਥੀਆਂ ਨੂੰ ਤਿਆਰ ਕਰਨ ਲਈ ਕਿਹਾ। ਉਨ੍ਹਾਂ ਅੱਗੇ ਦੱਸਿਆ ਕਿ ਇਸ ਕੰਮ ਨੂੰ ਪੂਰਾ ਕਰਨ ਲਈ ਨਵਜੋਤ ਉਰਫ਼ ਨੀਤੂ ਨੇ ਆਪਣੇ ਸਾਥੀ ਅਨਮੋਲਪ੍ਰੀਤ ਸਿੰਘ ਉਰਫ ਵਿਸ਼ਾਲ ਨੂੰ ਇਸ ਵਿੱਚ ਸ਼ਾਮਲ ਕੀਤਾ।

ਉਨ੍ਹਾਂ ਦੱਸਿਆ ਕਿ ਅਰਸ਼ ਡੱਲਾ ਨੇ ਆਪਣੇ ਕਾਰਕੁਨਾਂ ਨੂੰ ਇੱਕ ਗਲਾਕ ਪਿਸਤੌਲ ਸਮੇਤ ਗੋਲੀ-ਸਿੱਕਾ ਅਤੇ ਮੋਟਰਸਾਈਕਲ ਮੁਹੱਈਆ ਕਰਵਾਇਆ ਅਤੇ 9 ਅਕਤੂਬਰ 2024 ਨੂੰ ਦੋਵੇਂ ਮੁਲਜ਼ਮਾਂ ਨੇ ਪਿੰਡ ਹਰੀ ਨੌਂ ਵਿਖੇ ਜਾ ਕੇ ਗੁਰਪ੍ਰੀਤ ਸਿੰਘ ਹਰੀ ਨੌਂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਐਸਐਸਪੀ ਨੇ ਕਿਹਾ ਕਿ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਅਰਸ਼ ਡੱਲਾ ਵੱਲੋਂ ਦੋਵੇਂ ਸ਼ੂਟਰਾਂ ਨੂੰ ਲੁਕਣ ਲਈ ਟਿਕਾਣੇ ਮੁਹੱਈਆ ਕਰਵਾਏ ਗਏ ਸਨ। ਉਨ੍ਹਾਂ ਅੱਗੇ ਦੱਸਿਆ ਕਿ ਵਾਰਦਾਤ ਨੂੰ ਅੰਜ਼ਾਮ ਦੇਣ ਤੋਂ ਬਾਅਦ ਉਕਤ ਸ਼ੂਟਰ ਲਗਾਤਾਰ ਆਪਣੇ ਟਿਕਾਣੇ ਬਦਲਦੇ ਰਹੇ ਜਿਨ੍ਹਾਂ ਨੇ ਇਸ ਦੌਰਾਨ ਅੰਮ੍ਰਿਤਸਰ, ਐਸ.ਬੀ.ਐਸ. ਨਗਰ, ਹਿਮਾਚਲ-ਪੰਜਾਬ ਬਾਰਡਰ, ਚੰਡੀਗੜ੍ਹ, ਮੋਹਾਲੀ ਅਤੇ ਖਰੜ ਸਮੇਤ ਵੱਖ-ਵੱਖ ਸ਼ਹਿਰਾਂ ਵਿੱਚ ਕਈ ਛੁਪਣਗਾਹਾਂ ਵਿਖੇ ਠਹਿਰ ਕੀਤੀ। ਅਰਸ਼ ਡੱਲਾ ਨੇ ਦੋਵਾਂ ਸ਼ੂਟਰਾਂ ਨੂੰ ਹੈਰੋਇਨ ਅਤੇ ਨਕਦ ਪੈਸੇ, ਜਿਸ ਨੂੰ ਉਹ ਜ਼ਿਆਦਾਤਰ ਮੋਹਾਲੀ ਵਿਖੇ ਜਨਤਕ ਥਾਵਾਂ ਤੋਂ ਪ੍ਰਾਪਤ ਕਰਦੇ ਸਨ, ਮੁਹੱਈਆ ਕਰਵਾਏ।

ਉਨ੍ਹਾਂ ਦੱਸਿਆ ਕਿ ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਹੈ ਕਿ ਮੁਲਜ਼ਮਾਂ ਨੇ ਅਰਸ਼ ਡੱਲਾ ਦੇ ਇਸ਼ਾਰੇ 'ਤੇ ਵੀਰਵਾਰ ਨੂੰ ਮੱਧ ਪ੍ਰਦੇਸ਼ ਦੇ ਗਵਾਲੀਅਰ 'ਚ ਜਸਵੰਤ ਸਿੰਘ ਗਿੱਲ ਦਾ ਕਤਲ ਵੀ ਕੀਤਾ ਸੀ। ਦੱਸਣਯੋਗ ਹੈ ਕਿ ਮਾਰਿਆ ਗਿਆ ਵਿਅਕਤੀ ਪਹਿਲਾਂ ਹੀ ਉਮਰ ਕੈਦ ਦੀ ਸਜ਼ਾ ਭੁਗਤ ਰਿਹਾ ਸੀ ਅਤੇ ਜਿਸ ਸਮੇਂ ਸ਼ੂਟਰਾਂ ਨੇ ਉਸਨੂੰ ਮਾਰਿਆ, ਉਹ 15 ਦਿਨ ਲਈ ਪੈਰੋਲ 'ਤੇ ਬਾਹਰ ਆਇਆ ਹੋਇਆ ਸੀ। ਇਸ ਸਬੰਧ ਵਿੱਚ ਮੁਲਜ਼ਮਾਂ ਖ਼ਿਲਾਫ਼ ਪੁਲਿਸ ਥਾਣਾ ਦਾਬੜਾ ਮੱਧ ਪ੍ਰਦੇਸ਼ ਵਿਖੇ ਬੀ.ਐਨ.ਐਸ. ਐਕਟ ਦੀਆਂ ਧਾਰਵਾਂ 103(1), 3(5) ਤਹਿਤ ਐਫ.ਆਈ.ਆਰ. ਨੰ. 756 ਮਿਤੀ 8/11/24 ਦਰਜ ਹੈ।

ਦੱਸਣਯੋਗ ਹੈ ਕਿ ਦੋਵੇਂ ਮੁਲਜ਼ਮ ਅਪਰਾਧ ਨੂੰ ਅੰਜਾਮ ਦੇਣ ਤੋਂ ਬਾਅਦ ਮੱਧ ਪ੍ਰਦੇਸ਼ ਤੋਂ ਪੰਜਾਬ ਵਾਪਸ ਪਰਤੇ, ਜਿੱਥੇ ਉਨ੍ਹਾਂ ਨੂੰ ਫਰੀਦਕੋਟ ਪੁਲਿਸ ਵੱਲੋਂ ਐਸਐਸਓਸੀ ਮੋਹਾਲੀ ਅਤੇ ਏਜੀਟੀਐਫ ਨਾਲ ਸਾਂਝੇ ਆਪ੍ਰੇਸ਼ਨ ਵਿੱਚ ਖਰੜ ਨੇੜੇ ਕਾਬੂ ਕਰ ਲਿਆ ਗਿਆ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਇਹ ਮੁਲਜ਼ਮ ਬੀਤੀ 18 ਅਕਤੂਬਰ ਨੂੰ ਜ਼ੀਰਕਪੁਰ ਵਿਖੇ ਹੋਈ ਗੋਲੀਬਾਰੀ ਅਤੇ ਜਬਰੀ ਵਸੂਲੀ ਦੀ ਘਟਨਾ ਵਿੱਚ ਸ਼ਾਮਲ ਸਨ, ਜਿੱਥੇ ਮੁਲਜ਼ਮਾਂ ਵੱਲੋਂ ਇੱਕ ਕਾਰੋਬਾਰੀ 'ਤੇ ਗੋਲੀਆਂ ਚਲਾ ਕੇ ਉਸਨੂੰ ਧਮਕੀ ਦਿੱਤੀ ਗਈ ਸੀ ਅਤੇ ਉਸਦੇ ਮੇਨ ਗੇਟ 'ਤੇ ਅਰਸ਼ ਡੱਲਾ ਦੇ ਨਾਮ ਵਾਲਾ ਪੋਸਟਰ ਲਾ ਕੇ ਗਏ ਸਨ। ਉਨ੍ਹਾਂ ਦੱਸਿਆ ਕਿ ਨੇੜਲੇ ਘਰ ਦੀ ਸੀਸੀਟੀਵੀ ਫੁਟੇਜ ਖੰਗਾਲਣ 'ਤੇ ਪਤਾ ਲੱਗਾ ਕਿ ਦੋ ਵਿਅਕਤੀ ਮੋਟਰਸਾਈਕਲ 'ਤੇ ਆਏ ਸਨ। ਉਨ੍ਹਾਂ ਦੱਸਿਆ ਕਿ ਫੁਟੇਜ ਵਿਚ ਉਕਤ ਮੁਲਜ਼ਮ ਗੋਲੀਬਾਰੀ ਕਰਦੇ ਅਤੇ ਪੋਸਟਰ ਲਗਾਉਂਦੇ ਹੋਏ ਦਿਖਾਈ ਦੇ ਰਹੇ ਹਨ। ਇਸ ਸਬੰਧੀ ਥਾਣਾ ਜ਼ੀਰਕਪੁਰ ਵਿਖੇ ਬੀ.ਐਨ.ਐਸ. ਐਕਟ ਦੀ ਧਾਰਾ 308,25,27 ਅਧੀਨ ਐਫਆਈਆਰ ਨੰ. 470 ਦਰਜ ਹੈ।

ਡਾ. ਪ੍ਰਗਿਆ ਜੈਨ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਕੀਤੀ ਗਈ ਜਾਂਚ ਦੌਰਾਨ ਇਸ ਗਿਰੋਹ ਵੱਲੋਂ ਹੋਰ ਵਿਅਕਤੀਆਂ ਨੂੰ ਨਿਸ਼ਾਨਾ ਬਣਾਉਣ ਦੀ ਵਿਆਪਕ ਸਾਜ਼ਿਸ਼ ਦਾ ਪਤਾ ਲੱਗਾ ਅਤੇ ਇਸ ਬਾਰੇ ਬਰੀਕੀ ਨਾਲ ਜਾਂਚ ਕੀਤੀ ਗਈ।

ਉਨ੍ਹਾਂ ਕਿਹਾ ਕਿ ਉਕਤ ਮੁਲਜ਼ਮਾਂ ਦੀ ਗ੍ਰਿਫਤਾਰੀ ਨਾਲ ਪੰਜਾਬ ਪੁਲਿਸ ਨੇ ਵੱਡੇ ਸ਼ਹਿਰਾਂ ਵਿੱਚ ਪ੍ਰਮੁੱਖ ਵਿਅਕਤੀਆਂ ਦੀਆਂ ਘੱਟੋ-ਘੱਟ ਚਾਰ ਸੰਭਾਵਿਤ ਟਾਰਗੇਟ ਕਿਲਿੰਗ ਦੀਆਂ ਸਾਜਿਸ਼ਾਂ ਨੂੰ ਨਾਕਾਮ ਕਰ ਦਿੱਤਾ ਹੈ। ਇਸ ਸਬੰਧੀ ਪੁਲਿਸ ਥਾਣਾ ਵਿਖੇ ਕੋਟਕਪੂਰਾ ਵਿਖੇ ਭਾਰਤੀ ਨਿਆ ਸੰਹਿਤਾ (ਬੀਐਨਐਸ) ਦੀ ਧਾਰਾ 103 (1), 126 (2) ਅਤੇ 3 (5) ਅਤੇ ਅਸਲਾ ਐਕਟ ਦੀ ਧਾਰਾ 25 ਤਹਿਤ ਐਫਆਈਆਰ ਨੰਬਰ 159 ਮਿਤੀ 10-10-2024 ਪਹਿਲਾਂ ਹੀ ਦਰਜ ਹੈ।



## ਜਗਰਾਉਂ ਵਿਖੇ ਮੰਦਰ ਦੇ ਉਦਘਾਟਨ ਮੌਕੇ ਭਾਜਪਾ ਦੇ ਸਾਬਕਾ ਸੂਬਾ ਪ੍ਰਧਾਨ ਅਤੇ ਐਮ ਐਲ ਏ ਅਸ਼ਵਨੀ ਕੁਮਾਰ ਪਹੁੰਚੇ

✦ ਪੰਜਾਬ ਦਾ ਖੁਲਾਸਾ

**ਜਗਰਾਉਂ 10 ਨਵੰਬਰ ( ਜਸਵਿੰਦਰ ਸਿੰਘ ਡਾਂਗੀਆ)** ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਰਿਟਾਇਰ ਕਰਨਲ ਇੰਦਰਪਾਲ ਸਿੰਘ ਧਾਲੀਵਾਲ ਨੇ ਕਿਹਾ ਕਿ ਜਗਰਾਉਂ ਵਿਖੇ ਮੰਦਰ ਦਾ ਉਦਘਾਟਨ ਸਮਾਰੋਹ ਕਰਵਾਇਆ ਗਿਆ ਹੈ? ਮੰਦਰ ਦੇ ਉਦਘਾਟਨ ਸਮਾਰੋਹ ਮੌਕੇ ਭਾਰਤੀ ਜਨਤਾ ਪਾਰਟੀ ਦੇ ਸਾਬਕਾ ਸੂਬਾ ਪ ?ਧਾਨ ਅਤੇ ਮੌਜੂਦਾ ਐਮ ਐਲ ਏ ਅਸ਼ਵਨੀ ਕੁਮਾਰ ਸਤਿਅਮ ਜਵੈਲਰ ਪਰਿਵਾਰ ਜਗਰਾਉਂ ਅਤੇ ਭਾਜਪਾ ਕਾਰਜਕਰਣੀ ਮੈਂਬਰ ਗੌਰਵ ਖੁੱਲਰ ਦੇ ਸੱਦੇ ਉੱਤੇ ਮੰਦਿਰ ਦੇ ਉਦਘਾਟਨ ਸਮਾਰੋਹ ਵਿੱਚ ਹਿੱਸਾ ਲੈਣ ਲਈ ਪਹੁੰਚੇ ਇਸ ਦੌਰਾਨ ਉਨਾਂ ਨਾਲ ਭਾਰਤੀ ਜਨਤਾ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਬਿਕਰਮਜੀਤ ਸਿੰਘ ਚੀਮਾਂ, ਜੀਵਨ ਗੁਪਤਾ ਸ਼ਾਮਿਲ ਹੋਏ ?ਮੰਦਰ ਦੇ ਉਦਘਾਟਨ ਮੌਕੇ ਭਾਰਤੀ ਜਨਤਾ ਪਾਰਟੀ ਜਿਲ੍ਹਾ ਜਗਰਾਉਂ ਦੀ ਇਕਾਈ ਦੀ ਸਮੂਹ ਲੀਡਰਸਿਪ ਵੀ ਇਸ ਖਾਸ ਮੌਕੇ ਦੌਰਾਨ ਮੌਜੂਦ ਰਹੀ।

## ਪੰਜਾਬ ਦੇ ਕੌਮਾਂਤਰੀ ਹਾਕੀ ਖਿਡਾਰੀ ਅਤੇ ਸੁਰਜੀਤ ਹਾਕੀ ਸੁਸਾਇਟੀ ਦੇ ਸੰਸਥਾਪਕ ਮੈਂਬਰ ਗੁਰਚਰਨ ਸਿੰਘ ਜੀ ਦਾ ਦੇਹਾਂਤ

✦ ਪੰਜਾਬ ਦਾ ਖੁਲਾਸਾ



**ਜਲੰਧਰ 10 ਨਵੰਬਰ (ਅਮ੍ਰਿਤਪਾਲ ਸਿੰਘ)** ਇੰਡੀਅਨ ਏਅਰਲਾਈਨਜ਼ ਤੇ ਏਅਰ ਇੰਡੀਆ ਦੇ ਕੌਮਾਂਤਰੀ ਹਾਕੀ ਖਿਡਾਰੀ ਅਤੇ ਸੁਰਜੀਤ ਹਾਕੀ ਸੁਸਾਇਟੀ ਜਲੰਧਰ ਦੇ ਸੰਸਥਾਪਕ ਮੈਂਬਰ ਗੁਰਚਰਨ ਸਿੰਘ ਦਾ ਅੱਜ ਸਵੇਰੇ ਜਲੰਧਰ ਵਿੱਚ ਦੇਹਾਂਤ ਹੋ ਗਿਆ। ਉਨ੍ਹਾਂ ਦਾ ਅੰਤਿਮ ਸੰਸਕਾਰ 10 ਨਵੰਬਰ ਨੂੰ ਬਾਅਦ ਦੁਪਹਿਰ ਜਲੰਧਰ ਮਾਡਲ ਟਾਊਨ ਦੇ ਸ਼ਮਸ਼ਾਨਘਾਟ ਵਿੱਚ ਕੀਤਾ ਜਾਵੇਗਾ। ਉਹ ਹਾਕੀ ਦੇ ਖੇਤਰ ਵਿੱਚ 'ਗੁਰੂ' ਅਤੇ 'ਡਾਕਟਰ' ਦੇ ਨਾਂ ਨਾਲ ਮਕਬੂਲ ਸਨ।ਇਸ ਮੌਕੇ ਸੁਰਜੀਤ ਹਾਕੀ ਸੁਸਾਇਟੀ ਦੇ ਪ੍ਰਧਾਨ ਤੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਗੁਪਤਾ, ਵਰਕਿੰਗ ਪ੍ਰਧਾਨ ਲਖਵਿੰਦਰ ਪਾਲ ਸਿੰਘ ਖਹਿਰਾ ਤੇ ਲੇਖ ਰਾਜ ਨਈਅਰ ਨੇ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।

## ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਸ਼ਹਿਰ ਵਾਸੀਆਂ ਨੂੰ ਆਉਣ ਵਾਲੇ ਹਲਾਤਾਂ ਤੋਂ ਜਾਣੂ ਕਰਵਾਉਣ ਲਈ ਪੀਪੇ ਖੜਕਾ ਕੇ ਰੋਸ਼ ਮਾਰਚ ਕਰ ਕੀਤਾ ਜਾਗਰੂਕ

✦ ਪੰਜਾਬ ਦਾ ਖੁਲਾਸਾ

**ਗਿੱਦੜਬਾਹਾ, 10 ਨਵੰਬਰ (ਲਖਵੀਰ ਸਿੰਘ ਧੂਲਕੋਟੀਆ)** ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਸ਼ਹਿਰ ਵਾਸੀਆਂ ਨੂੰ ਆਉਣ ਵਾਲੇ ਹਲਾਤਾਂ ਤੋਂ ਜਾਣੂ ਕਰਵਾਉਣ ਲਈ ਪੀਪੇ ਖੜਕਾ ਕੇ ਰੋਸ਼ ਮਾਰਚ ਕਰ ਕੀਤਾ ਜਾਗਰੂਕਆਪ ਤੇ ਭਾਜਪਾ ਉਮੀਦਵਾਰਾਂ ਦੀਆਂ ਕੋਠੀਆਂ ਅੱਗੇ ਰੋਸ਼ ਪ੍ਰਦਰਸਨ ਪੱਕਾ ਮੋਰਚਾ ਜਾਰੀ। ਭਾਕਿਯੂ ਏਕਤਾ ਉਗਰਾਹਾਂ ਵੱਲੋਂ ਝੋਨੇ ਦੀ ਰੋਕੀ ਅਦਾਇਗੀ ਸ਼ੁਰੂ ਕਰਨ ਅਤੇ ਪਰਾਲੀ ਸਾੜਨ ਦੇ ਦੁੱਗਣੇ ਕੀਤੇ ਜੁਰਮਾਨੇ ਰੱਦ ਕਰਨ ਤੋਂ ਇਲਾਵਾ ਖ੍ਰੀਦ ਅਤੇ ਚੁਕਾਈਂ ਹੋਰ ਤੇਜ਼ ਕਰਨ ਤੇ ਨਮੀਂ ਹੱਦ 22% ਕਰਨ ਦੀ ਮੰਗ ਕੀਤੀ।11 ਨਵੰਬਰ ਤੋਂ ਡੀਸੀ ਬਰਨਾਲਾ ਦਾ ਘਿਰਾਓ 14 ਨਵੰਬਰ ਬਰਨਾਲਾ,ਗਿੱਦੜਬਾਹਾ ਜ਼ਿਮਨੀ ਚੋਣ ਹਲਕਿਆਂ ਚ ਵੋਟ ਪਾਰਟੀਆਂ ਦੀ ਮੌਕਾ ਪ੍ਰਸਤੀ ਵਿਰੁੱਧ ਜ਼ੋਰਦਾਰ ਮੁਹਿੰਮ। ਇਸ ਮੌਕੇ ਤੇ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਸਹਾਇਕ ਸਕੱਤਰ ਗੁਰਮੀਤ ਸਿੰਘ ਬਿੱਟੂ ਮੱਲਣ ਬਲਾਕ ਗਿੱਦੜਬਾਹਾ ਦੇ ਕਮੇਟੀ ਮੈਂਬਰ ਹਰਪਾਲ ਸਿੰਘ ਚੀਮਾ ਧੂਲਕੋਟ ਨੇ ਦੱਸਿਆ ਕਿ ਕਿਸਾਨ ਤਾਂ ਪੂਰੀ ਤਰ੍ਹਾਂ ਪੱਕਿਆ ਝੋਨਾ ਹੀ ਵੱਢ ਕੇ ਮੰਡੀਆਂ ਵਿੱਚ ਲਿਆ ਰਹੇ ਹਨ। ਪਰ ਫਿਰ ਵੀ ਨਮੀਂ ਵੱਧ ਰਹਿਣ ਦਾ ਮੂਲ ਕਾਰਨ ਵਾਢੀ ਲੇਟ ਹੋਣ ਕਰਕੇ ਠੰਢ ਅਤੇ ਤ੍ਰੇਲ ਦਾ ਵਧਣਾ ਹੈ।ਲੇਟ ਵਾਢੀ ਦੀ ਜ਼ੁੰਮੇਵਾਰੀ ਪੰਜਾਬ ਸਰਕਾਰ ਸਿਰ ਆਉਂਦੀ ਹੈ। ਜਿਸ ਨੇ ਸ਼ਰਤਾਂ ਤਹਿਤ ਬਿਜਲੀ ਸਪਲਾਈ ਬਹੁਤ ਲੇਟ ਦੇ ਕੇ ਬਿਜਾਈ ਲੇਟ ਕਰਨ ਲਈ ਮਜਬੂਰ ਕੀਤਾ। ਉਨ੍ਹਾਂ ਦੱਸਿਆ ਕਿ ਪੰਜਾਬ ਭਰ ਵਿੱਚ ਜੁਝਾਰੂ ਕਿਸਾਨ ਕਾਫਲੇ ਹੁਣ ਮੰਡੀਆਂ ਵਿੱਚ ਡਟ ਕੇ ਪਹਿਰੇਦਾਰੀ ਕਰ ਰਹੇ ਹਨ। ਅਤੇ ਖ੍ਰੀਦ ਜਾਂ ਚੁਕਾਈਂ ਚ ਦੇਰੀ ਲਈ ਜ਼ਿੰਮੇਵਾਰ ਅਧਿਕਾਰੀਆਂ ਦੇ ਘਿਰਾਓ ਕਰ ਰਹੇ ਹਨ ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਪਰਾਲੀ ਦੇ ਅੱਗ- ਰਹਿਤ ਨਿਪਟਾਰੇ ਲਈ ਲੋੜੀਂਦੀਆਂ ਮਸ਼ੀਨਾਂ ਕੌਮੀ ਗ੍ਰੀਨ ਟਿ ?ਬਿਊਨਲ ਦੇ ਫੈਸਲੇ ਅਨੁਸਾਰ ਸਰਕਾਰ ਵੱਲੋਂ ਛੋਟੇ ਤੇ ਸੀਮਾਂਤ ਕਿਸਾਨਾਂ ਨੂੰ ਮਿਸ਼ਨਰੀ ਮੁਹੱਈਆ ਨਹੀਂ ਕਰਵਾਈਆਂ ਗਈਆਂ, ਜਿਸ ਕਾਰਨ ਉਹ ਪਰਾਲੀ ਸਾੜਨ ਲਈ ਮਜਬੂਰ ਹਨ ਕੋਈ ਸ਼ੌਕ ਨਹੀਂ।



ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਵੱਲੋਂ ਪਰਾਲੀ ਸਾੜਨ ਦੇ ਜ਼ੁਰਮਾਨੇ ਦੁੱਗਣੇ ਕਰਨ ਦਾ ਫੈਸਲਾ ਅਤੇ ਪੰਜਾਬ ਦੇ ਚੌਲਾਂ ਦੇ ਨਮੂਨੇ ਫੇਲ੍ਹ ਹੋਣ ਦਾ ਘਰਾਟ-ਰਾਗ ਮੁੜ ਦੁਹਰਾਉਣ ਕਿਸਾਨਾਂ ਨਾਲ਼ ਦੁਸ਼ਮਣੀ ਦੇ ਦੋ ਅਹਿਮ ਸਬੂਤ ਹਨ। ਜਥੇਬੰਦੀ ਵੱਲੋਂ ਇਨ੍ਹਾਂ ਜੁਰਮਾਨਿਆਂ ਦੀ ਵਸੂਲੀ ਦਾ ਸਖ਼ਤ ਵਿਰੋਧ ਕਰਨ ਦਾ ਫੈਸਲਾ ਕੀਤਾ ਗਿਆ ਹੈ ਇਸ ਸਬੰਧੀ ਮੁਕੱਦਮੇ ਅਤੇ ਲਾਲ਼ ਐਂਟਰੀਆਂ ਰੱਦ ਕਰਾਉਣ ਲਈ ਵੀ ਸੰਬੰਧਿਤ ਅਧਿਕਾਰੀਆਂ ਦੇ ਘਿਰਾਓ ਕੀਤੇ ਜਾਣਗੇ ਉਨ੍ਹਾਂ ਕਿਹਾ ਕਿ ਮੰਗਾਂ ਲਾਗੂ ਕਰਵਾਉਣ ਤੱਕ ਸੰਘਰਸ਼ ਜਾਰੀ ਰਹੇਗਾ। ਇਸ ਮੌਕੇ ਤੇ ਗਿੱਦੜਬਾਹਾ ਬਲਾਕ ਦੇ ਮੀਤ ਪ੍ਰਧਾਨ ਜੋਗਿੰਦਰ ਸਿੰਘ ਬੁੱਟਰ ਸਰੀਂਹ ਰਣਜੀਤ ਸਿੰਘ ਬੁੱਟਰ ਬਖੂਹਾ ਜਸਵੀਰ ਸਿੰਘ ਪੱਪਲਾ ਦੋਦਾ ਬਿੱਕਰ ਸਿੰਘ ਭਲਾਈਆਣਾ ਜਗਮੋਹਨ ਸਿੰਘ ਗੁਰਮੇਲ ਸਿੰਘ ਸੁਖਨਾ ਸਾਧੂ ਸਿੰਘ ਛੱਤੇਆਣਾ ਆਦਿ ਹਾਜਰ ਸਨ

## ਨਸ਼ਾ ਤਸਕਰੀ ਸਮੇਤ ਸੱਤ ਅਪਰਾਧਿਕ ਮਾਮਲਿਆਂ ਵਿੱਚ ਲੋੜੀਂਦਾ ਭਗੌੜਾ ਮੁਲਜ਼ਮ ਪੁਲੀਸ ਨੇ ਕਾਬੂ ਕੀਤਾ

✦ ਪੰਜਾਬ ਦਾ ਖੁਲਾਸਾ

**ਜਲੰਧਰ 10 ਨਵੰਬਰ (ਅਮ੍ਰਿਤਪਾਲ ਸਿੰਘ)** ਜਲੰਧਰ ਦਿਹਾਤੀ ਪੁਲੀਸ ਨੇ ਬੀਤੇ ਅਗਸਤ ਮਹੀਨੇ ਵਿੱਚ ਹੋਏ ਕਤਲ ਕਾਂਡ ਦੇ ਮੁੱਖ ਸ਼ੂਟਰ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮ ਦੀ ਪਛਾਣ ਸੁਖਵਿੰਦਰ ਸਿੰਘ ਉਰਫ ਸੁੱਖਾ ਕਮਾਂਡੋ ਵਾਸੀ ਪਿੰਡ ਰਸੂਲਪੁਰ (ਨਕੋਦਰ) ਵਜੋਂ ਹੋਈ ਹੈ। ਮੁਲਜ਼ਮ ਐੱਨਡੀਪੀਐੱਸ ਐਕਟ ਸਮੇਤ ਸੱਤ ਅਪਰਾਧਿਕ ਮਾਮਲਿਆਂ ਵਿੱਚ ਲੋੜੀਂਦਾ ਸੀ। ਐੱਸਐੱਸਪੀ ਹਰਕਮਲਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਅਗਸਤ ਤੋਂ ਭਗੌੜੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਖੁਫੀਆ ਸੂਚਨਾਵਾਂ ਮਿਲਣ ਮਗਰੋਂ ਵਿਸ਼ੇਸ਼ ਮੁਹਿੰਮ ਦੀ ਯੋਜਨਾ ਬਣਾਈ ਗਈ ਸੀ।ਉਨ੍ਹਾਂ ਦੱਸਿਆ ਕਿ ਮੁਲਜ਼ਮ ਪੁਲੀਸ ਤੋਂ ਬਚਣ ਦੀ ਕੋਸ਼ਿਸ਼ ਕਰਦਾ ਹੋਇਆ ਲੱਤ ਵੀ ਤੁੜਵਾ ਬੈਠਾ।



ਇਹ ਆਪਰੇਸ਼ਨ ਐੱਸਪੀ ਜਸਰੂਪ ਕੌਰ ਬਾਠ, ਸਬ-ਇੰਸਪੈਕਟਰ ਬਲਜਿੰਦਰ ਸਿੰਘ ਅਤੇ ਡੀਐੱਸਪੀ ਸੁਖਪਾਲ ਸਿੰਘ ਦੀ ਅਗਵਾਈ ਹੇਠ ਵਿਸ਼ੇਸ਼ ਪੁਲੀਸ ਟੀਮ ਨੇ ਚਲਾਇਆ। ਇਸ ਸਾਂਝੇ ਆਪਰੇਸ਼ਨ ਵਿੱਚ ਥਾਣਾ ਸਦਰ ਨਕੋਦਰ ਅਤੇ ਸੀਆਈਏ ਸਟਾਫ਼ ਜਲੰਧਰ ਦਿਹਾਤੀ ਦੇ ਅਧਿਕਾਰੀ ਸ਼ਾਮਲ ਸਨ। ਉਨ੍ਹਾਂ ਦੱਸਿਆ ਕਿ ਬੀਤੀ 20 ਅਗਸਤ ਨੂੰ ਪਿੰਡ ਕੰਗ ਸਾਹਬੂ ਨੂੰ ਜਾਂਦੀ ਸੜਕ 'ਤੇ ਕੁਲਵਿੰਦਰ ਕਿੰਦੀ ਦਾ ਕਤਲ ਕਰ ਦਿੱਤਾ ਗਿਆ ਸੀ। ਇਸ ਸਬੰਧੀ ਥਾਣਾ ਸਦਰ ਨਕੋਦਰ ਵਿੱਚ ਕੇਸ ਦਰਜ ਕਰ ਕੀਤਾ ਗਿਆ ਸੀ।

ਉਨ੍ਹਾਂ ਕਿਹਾ ਕਿ ਇਸ ਮਾਮਲੇ ਦੇ ਚਾਰ ਹੋਰ ਮੁਲਜ਼ਮਾਂ ਗੁਰਪਾਲ ਸਿੰਘ ਉਰਫ਼ ਗੋਪਾ, ਬਲਕਾਰ ਸਿੰਘ ਉਰਫ਼ ਬੱਲਾ, ਨਜ਼ੀਰ ਸਿੰਘ ਅਤੇ ਜਤਿੰਦਰ ਕੁਮਾਰ ਉਰਫ਼ ਘੌਲੀ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਦਾ ਲੰਬਾ ਅਪਰਾਧਿਕ ਇਤਿਹਾਸ ਹੈ। ਉਸ ਖ਼ਿਲਾਫ਼ ਵੱਖ-ਵੱਖ ਥਾਣਿਆਂ ਵਿੱਚ ਕੇਸ ਦਰਜ ਹਨ। ਉਸ ਖ਼ਿਲਾਫ਼ ਐਨਡੀਪੀਐਸ ਐਕਟ, ਕੁੱਟਮਾਰ ਤੇ ਦੰਗੇ ਭੜਕਾਉਣ, ਹੁਸ਼ਿਆਰਪੁਰ ਅਤੇ ਨਕੋਦਰ ਵਿੱਚ ਅਪਰਾਧਕ ਉਲੰਘਣਾ ਦੇ ਕਈ ਮਾਮਲੇ ਦਰਜ ਹਨ।

## ਭਗਵੰਤ ਮਾਨ ਸਰਕਾਰ ਹਰ ਖੇਤਰ ਵਿਚ ਫੇਲ ਸਾਬਿਤ ਹੋਈ ਹੈ - ਤਰੁਣ ਚੁੱਘ

✦ ਪੰਜਾਬ ਦਾ ਖੁਲਾਸਾ

**ਗਿੱਦੜਬਾਹਾ, 10 ਨਵੰਬਰ (ਲਖਵੀਰ ਸਿੰਘ ਧੂਲਕੋਟੀਆ)** - ਭਾਜਪਾ ਦੇ ਉਮੀਦਵਾਰ ਮਨਪ੍ਰੀਤ ਸਿੰਘ ਬਾਦਲ ਗਿੱਦੜਬਾਹਾ ਹਲਕੇ ਤੋਂ ਮੁੜ ਜਿਮਨੀ ਚੋਣ ਜਿੱਤ ਕੇ ਸਾਲ 1995 ਵਾਲਾ ਇਤਿਹਾਸ ਦੁਹਰਾਉਣਗੇ, ਇੰਨਾਂ ਸ਼ਬਦਾਂ ਦਾ ਪ੍ਰਗਟਾਵਾ ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਜਰਨਲ ਸਕੱਤਰ ਤੁਰਣ ਚੁੱਘ ਨੇ ਅੱਜ ਗਿੱਦੜਬਾਹਾ ਦੀ ਮੰਡੀ ਵਾਲੀ ਧਰਮਸ਼ਾਲਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ। ਉਨ੍ਹਾਂ ਕਿਹਾ ਕਿ ਇਹ ਚੋਣ ਸਿਰਫ ਵਿਧਾਇਕ ਲਈ ਨਹੀਂ ਸਗੋਂ ਪੂਰੇ ਪੰਜਾਬ ਨੂੰ ਨਵੀਂ ਦਿਸ਼ਾ ਦੇਣ ਵਾਲੀ ਚੋਣ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਮੌਜੂਦਾ ਭਗਵੰਤ ਮਾਨ ਸਰਕਾਰ ਹਰ ਖੇਤਰ ਵਿਚ ਫੇਲ ਸਾਬਿਤ ਹੋਈ ਹੈ ਅਤੇ ਇਸਨੂੰ ਮਾਫੀਆ ਤੇ ਗੈਂਗਸਟਰ ਚਲਾ ਰਹੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਵੱਲੋਂ ਭੇਜੇ ਜਾ ਰਹੇ ਕਰੋੜੇ ਰੁਪਏ ਭਗਵੰਤ ਮਾਨ ਸਰਕਾਰ ਆਪਣੀ ਇਸ਼ਤਿਹਾਰਬਾਜ਼ੀ ਤੇ ਖਰਚ ਕਰ ਰਹੀ ਹੈ ਅਤੇ ਇੱਥੋਂ ਤੱਕ ਕਿ ਫੰਡਜ਼ ਨੂੰ ਖਰਚ ਕਰਨ ਸੰਬੰਧੀ ਵਰਤੋਂ ਸਰਟੀਫਿਕੇਟ ਵੀ ਕੇਂਦਰ ਵੱਲੋਂ ਵਾਰ ਵਾਰ ਮੰਗਣ ਤੇ ਬਾਵਜੂਦ ਨਹੀਂ ਦਿੱਤੇ ਜਾ ਰਹੇ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵਿਚ ਕਿਸਾਨਾਂ ਦੇ ਝੋਨੇ ਦੀ ਦੁਰਦਸ਼ਾ ਲਈ ਪੂਰੀ ਤਰ੍ਹਾਂ ਰਾਜ ਸਰਕਾਰ ਜ਼ਿੰਮੇਵਾਰ ਹੈ, ਜਦੋਂਕਿ ਕੇਂਦਰ ਨੇ ਸਿਰਫ ਫੰਡਜ਼ ਜਾਰੀ ਕਰਨੇ ਹੁੰਦੇ ਹਨ। ਗਿੱਦੜਬਾਹਾ ਜਿਮਨੀ ਚੋਣ ਵਿਚ ਭਾਜਪਾ ਦਾ ਕਿਸ ਪਾਰਟੀ ਨਾਲ ਮੁਕਾਬਲਾ ਹੈ, ਬਾਰੇ ਤਰੁਣ ਚੁੱਘ ਨੇ ਕਿਹਾ ਕਿ ਜਿਮਨੀ ਚੋਣ ਕਿਸੇ ਵੀ ਪਾਰਟੀ ਦੀ ਪਰਫਾਰਮੈਂਸ ਦਾ ਇਲੈਕਸ਼ਨ ਹੁੰਦਾ ਹੈ ਅਤੇ ਮੌਜੂਦਾ ਸਮੇਂ ਭਾਜਪਾ ਵਧੀਆਂ ਪਰਫਾਰਮ ਕਰ ਰਹੀ ਹੈ ਅਤੇ ਨਿਸ਼ਚਿਤ ਰੂਪ ਵਿਚ ਮਨਪ੍ਰੀਤ ਬਾਦਲ ਵੱਡੀ ਜਿੱਤ ਪ੍ਰਾਪਤ ਕਰਨਗੇ। ਉਨ੍ਹਾਂ ਫਿਲਹਾਲ ਭਾਜਪਾ ਵੱਲੋਂ ਕਿਸੇ ਵੀ ਹੋਰ ਪਾਰਟੀ ਨਾਲ ਗਠਜੋੜ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਭਾਜਪਾ ਖੁਦ ਹੀ ਪੰਜਾਬ ਵਿਚ ਬਹੁਤ ਮਜਬੂਤ ਹੈ। ਇਸ ਮੌਕੇ ਭਾਜਪਾ ਉਮੀਦਵਾਰ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਉਹ ਬੀਤੇ ਦਿਨੀਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਗਿੱਦੜਬਾਹਾ ਦੀਆਂ ਸਮੱਸਿਆਵਾਂ ਸੰਬੰਧੀ ਮੁਲਾਕਾਤ ਕਰਕੇ ਆਏ ਹਨ ਅਤੇ ਉਨ੍ਹਾਂ ਸਮੱਸਿਆਵਾਂ ਨੂੰ ਖਤਮ ਕਰਨ ਅਤੇ ਹਲਕੇ ਦੇ ਪੂਰਨ ਵਿਕਾਸ ਕਰਨ ਲਈ ਵਿਸ਼ਵਾਸ ਦਿਵਾਇਆ ਹੈ। ਇਸ ਮੌਕੇ ਗੁਰਮੀਤ ਸਿੰਘ ਰਾਣਾ ਸੋਢੀ, ਦਿਆਲ ਸਿੰਘ ਸੋਢੀ, ਸਤੀਸ਼ ਅਸੀਜਾ, ਅਰਜੁਨ ਬਾਦਲ, ਦਿਨੇਸ਼ ਸਿੰਗਲਾ ਬੌਬੀ, ਓਮ ਪ੍ਰਕਾਸ਼ ਬੱਬਰ, ਸਵਰਨ ਸਿੰਘ ਢੱਲਾ, ਵਿਨੋਦ ਕੁਮਾਰ ਲੱਕੀ, ਕਰਮੇਸ਼ ਅਰੋੜਾ, ਰਾਜਿੰਦਰ ਗਰਗ, ਅਨਮੋਲ ਸੇਠੀ ਅਤੇ ਬੰਟੀ ਵਰਮਾ ਆਦਿ ਵੀ ਮੌਜੂਦ ਸਨ।



## ਪੰਜਾਬ ਸਰਕਾਰ ਵੱਲੋਂ 12 ਨਵੰਬਰ ਨੂੰ ਰਾਖਵੀਂ ਛੁੱਟੀ ਐਲਾਨੀ ਗਈ

✦ ਪੰਜਾਬ ਦਾ ਖੁਲਾਸਾ

**ਜਲੰਧਰ 10 ਨਵੰਬਰ (ਅਮ੍ਰਿਤਪਾਲ ਸਿੰਘ)**: ਪੰਜਾਬ ਸਰਕਾਰ (Punjab government) ਨੇ ਸੂਬੇ ਵਿੱਚ 12 ਨਵੰਬਰ ਨੂੰ ਰਾਖਵੀਂ ਛੁੱਟੀ ਐਲਾਨੀ ਹੈ। ਇੱਥੇ ਤੁਹਾਨੂੰ ਦੱਸ ਦੇਈਏ ਕਿ 12 ਨਵੰਬਰ ਨੂੰ ਸੰਤ ਨਾਮਦੇਵ ਜੀ ਦਾ ਜਨਮ ਦਿਨ ਹੈ। ਇਹ ਛੁੱਟੀ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਲਈ ਐਲਾਨੀਆਂ ਰਾਖਵੀਆਂ ਛੁੱਟੀਆਂ ਦੀ ਸੂਚੀ ਵਿੱਚ ਵੀ ਸ਼ਾਮਲ ਹੈ। ਸਰਕਾਰੀ ਨੋਟੀਫਿਕੇਸ਼ਨ ਅਨੁਸਾਰ ਸਰਕਾਰੀ ਮੁਲਾਜ਼ਮ ਸਾਲ ਵਿੱਚ ਦੋ ਰਾਖਵੀਆਂ ਛੁੱਟੀਆਂ ਲੈ ਸਕਦੇ ਹਨ।ਹਾਲਾਂਕਿ, ਇੱਥੇ ਇਹ ਸਪੱਸ਼ਟ ਕਰੀਏ ਕਿ 12 ਨਵੰਬਰ ਰਾਜ ਵਿੱਚ ਗਜ਼ਟਿਡ ਛੁੱਟੀ ਨਹੀਂ ਹੈ, ਸਗੋਂ ਇੱਕ ਰਾਖਵੀਂ ਛੁੱਟੀ ਹੈ। ਇਸ ਕਾਰਨ ਸਕੂਲ, ਕਾਲਜ ਅਤੇ ਕਾਰੋਬਾਰੀ ਇਕਾਈਆਂ ਆਮ ਵਾਂਗ ਖੁੱਲ੍ਹਣਗੀਆਂ। ਇਨ੍ਹਾਂ ਅਦਾਰਿਆਂ ਵਿੱਚ ਕੋਈ ਛੁੱਟੀ ਨਹੀਂ ਹੋਵੇਗੀ।

## ਵਿਸ਼ਵ ਗੁਰੂ ਸਨ ਸ਼੍ਰੀ ਗੁਰੂ ਨਾਨਕ ਦੇਵ ਜੀ



ਸ਼੍ਰੀ ਗੁਰੂ ਨਾਨਕ ਦੇਵ ਜੀ ਹੀ ਇਕ ਅਜਿਹੇ ਮਹਾਨ ਕ੍ਰਾਂਤੀਕਾਰੀ ਧਾਰਮਿਕ ਆਗੂ ਸਨ ਜਿਨ੍ਹਾਂ ਦੀ ਵਿਚਾਰਧਾਰਾ ਸਮੇਂ, ਸਥਾਨ ਅਤੇ ਵਿਸ਼ੇ ਵਸਤੂ ਦੇ ਪੱਖ ਤੋਂ ਬਹੁਤ ਵਿਸ਼ਾਲ ਤੇ ਵਿਸ਼ਵ-ਵਿਆਪੀ ਘੇਰੇ ਵਾਲੀ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਰੇ ਮਨੁੱਖਾਂ ਨੂੰ ਇਕ ਮੁਕੰਮਲ ਫ਼ਲਸਫ਼ਾ ਦਿੱਤਾ ਜਿਸ ਦਾ ਉਦੇਸ਼ ਮਨੁੱਖ ਦੀ ਸੰਪੂਰਨ ਕਾਇਆ ਕਲਪ ਕਰਨਾ ਅਤੇ ਸਰਬਪੱਖੀ ਇਨਕਲਾਬ ਲਿਆਉਣਾ ਸੀ। ਆਪ ਜੀ ਨੇ ਕੇਵਲ ਬਾਣੀ ਹੀ ਨਹੀਂ ਰਚੀ ਸਗੋਂ ਮਹਾਨ ਸਮਾਜ ਸੁਧਾਰਕ ਵਜੋਂ ਲੋਕ-ਚੇਤਨਾ ਜਗਾਈ। ਲੋਕਾਈ ਨੂੰ ਸੱਚ ਦੇ ਮਾਰਗ ਦਾ ਉਪਦੇਸ਼ ਦਿੱਤਾ। ਆਪ ਨੇ ਚਾਰ ਉਦਾਸੀਆਂ ਵਿੱਚ ਬਹੁਤ ਦੂਰ-ਦੂਰ ਦੇਸ ਪ੍ਰਦੇਸ ਦੀ ਯਾਤਰਾ ਕੀਤੀ। ਆਪ ਜੀ ਨੇ ਸਿੱਧਾਂ, ਪੰਡਿਤਾਂ, ਕਾਜ਼ੀਆਂ ਤੇ ਹੋਰ ਵਿਦਵਾਨ ਲੋਕਾਂ ਨਾਲ ਵਿਚਾਰ - ਵਟਾਂਦਰਾ ਤੇ ਗੋਸ਼ਟਾਂ ਕੀਤੀਆਂ । ਆਪ ਸਭ ਮਨੁੱਖਾਂ ਨੂੰ ਬਰਾਬਰ ਸਮਝਦੇ ਸਨ ਅਤੇ ਨੇਕ -ਕਰਨੀ ਉਤੇ ਜ਼ੋਰ ਦਿੰਦੇ ਸਨ । ਆਪਣੀਆਂ ਯਾਤਰਾਵਾਂ ਤੋਂ ਬਾਅਦ ਆਪ ਨੇ ਗ੍ਰਹਿਸਥੀ ਜੀਵਨ ਬਤੀਤ ਕੀਤਾ। ਇਸ ਸਮੇਂ ਆਪ ਨੇ ਕਰਤਾਰਪੁਰ ਸ਼ਹਿਰ ਵਸਾਇਆ ਅਤੇ ਉੱਥੇ ਖੇਤੀਬਾੜੀ ਕਰਕੇ ਦਸਾਂ ਨਹੁੰਆਂ ਦੀ ਕਿਰਤ ਕਰਨ ਦਾ ਰਾਹ ਦੱਸਿਆ। ਆਪ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ । 'ਜਪੁ ਜੀ' ਅਤੇ 'ਆਸਾ ਦੀ ਵਾਰ' ਆਪ ਦੀਆਂ ਸਭ ਤੋਂ ਵੱਧ ਪ੍ਰਸਿੱਧ ਬਾਣੀਆ ਹਨ। ਆਪ ਦੀ ਬਾਣੀ ਵਿੱਚ ਫ਼ਾਰਸੀ , ਅਰਬੀ , ਹਿੰਦੀ ਤੇ ਸੰਸਕ੍ਰਿਤ ਭਾਸ਼ਾਵਾਂ ਦੇ ਬਹੁਤ ਸ਼ਬਦ ਮਿਲ਼ਦੇ ਹਨ।

**ਸਰਪੰਚ**
**ਸ. ਸੁਖਰਾਜ ਸਿੰਘ (ਬਹਾਵਵਾਲਾ)**
**+919464162000**

## ਮੈਂ ਹਮੇਸ਼ਾ ਹੀ ਤੁਹਾਡੇ ਕੰਮ ਆਇਆ ਹਾਂ ਅਤੇ ਤੁਹਾਡੇ ਕੰਮ ਆਉਂਦਾ ਰਹਾਂਗਾ ਹਰ ਦੁੱਖ ਸੁੱਖ ਵਿੱਚ ਤੁਹਾਡੇ ਨਾਲ ਖੜਾਂਗਾ

✦ ਪੰਜਾਬ ਦਾ ਖੁਲਾਸਾ

**ਗਿੱਦੜਬਾਹਾ, 10 ਨਵੰਬਰ (ਲਖਵੀਰ ਸਿੰਘ ਧੂਲਕੋਟੀਆ)** ਹਰ ਉਮੀਦਵਾਰ ਨੇ ਆਪਣੇ ਲਈ ਵੋਟਾਂ ਮੰਗਣੀਆਂ ਹਨ ਪਰ ਹਲਕੇ ਦੇ ਲੋਕਾਂ ਨੇ ਇਹ ਸੋਚ ਕੇ ਉਸ ਉਮੀਦਵਾਰ ਨੂੰ ਸਮਰਥਨ ਦੇਣਾ ਹੈ ਜੋ ਉਮੀਦਵਾਰ ਉਹਨਾਂ ਦੇ ਵਿੱਚ ਰਹਿ ਕੇ ਉਹਨਾਂ ਦੇ ਦੁੱਖ ਸੁੱਖ ਦਾ ਸਾਥੀ ਹੋਵੇ ਉਹਨਾਂ ਦੀਆਂ ਮੁਸ਼ਕਿਲਾਂ ਨੂੰ ਆਪਣੀਆਂ ਮੁਸ਼ਕਲਾਂ ਸਮਝ ਕੇ ਦੂਰ ਕਰਨ ਲਈ ਪਹਿਲ ਦੇਵੇ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਆਪਣੇ ਚੋਣ ਪ੍ਰਚਾਰ ਦੌਰਾਨ ਹਲਕੇ ਦੇ ਪਿੰਡ ਆਸਾ ਬੁੱਟਰ ਸਮਾਗਮ ਮੌੜ ਭੁੱਟੇ ਵਾਲਾ ਲੜਕੀਆਂ ਵਾਲਾ ਵਿਖੇ ਵਿੱਚ ਰੱਖੇ ਗਏ ਚੋਣ ਜਲਸਿਆਂ ਨੂੰ ਸੰਬੋਧਨ ਕਰਦਿਆਂ ਕੀਤਾ ਇਸ ਮੌਕੇ ਉਹਨਾਂ ਨਾਲ ਐਮਐਲਏ ਰਣਵੀਰ ਸਿੰਘ ਭੁੱਲਰ , ਐਮਐਲਏ ਜਗਦੀਪ ਸਿੰਘ ਕਾਕਾ ਬਰਾੜ ਚੇਅਰਮੈਨ ਗੁਰਸੇਵਕ ਸਿੰਘ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਆਗੂ ਹਾਜ਼ਰ ਸਨ ਇਸ ਮੌਕੇ ਡਿੰਪੀ ਢਿੱਲੋਂ ਨੇ ਕਿਹਾ ਕਿ ਕਾਂਗਰਸ ਦੇ ਉਮੀਦਵਾਰ ਨੂੰ ਵੀ ਤੁਸੀਂ ਪਰਖ ਲਿਆ ਹੈ ਭਾਜਪਾ ਦੇ ਉਮੀਦਵਾਰ ਨੂੰ ਵੀ ਤੁਸੀਂ ਪਰਖ ਲਿਆ ਹੈ ਮੈਨੂੰ ਸਿਰਫ ਦੋ ਸਾਲ ਦਿਓ ਜੇ ਮੈਂ ਤੁਹਾਡੀ ਪਰਖ ਤੁਹਾਡੇ ਉਮੀਦਾਂ ਤੁਹਾਡੇ ਵਿਸ਼ਵਾਸ ਦੇ ਖਰਾ ਨਾ ਉਤਰਿਆ ਤਾਂ ਮੈਂ ਆਉਣ ਵਾਲਾ ਇਲੈਕਸ਼ਨ ਨਹੀਂ ਲੜਾਂਗਾ। ਉਹਨਾਂ ਕਿਹਾ ਕਿ ਮੇਰਾ ਸੁਪਨਾ ਹੈ ਕਿ ਗਿੱਦੜਬਾਹਾ ਹਲਕੇ ਦੇ ਲੋਕ ਤਰੱਕੀ ਕਰਨ ਅਤੇ ਖੁਸ਼ਹਾਲ ਹੋਣ ਤੇ ਗਿਦੜਬਾਹਾ ਹਲਕਾ ਪੰਜਾਬ ਵਿੱਚੋਂ ਨੰਬਰ ਇੱਕ ਦਾ ਹਲਕਾ ਹੋਵੇ ਉਹਨਾਂ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪੰਜਾਬ ਨੂੰ ਤਰੱਕੀ ਦੀਆਂ ਲੀਹਾਂ ਤੇ ਲੈ ਕੇ ਜਾ ਰਹੀ ਹੈ। ਇਸ ਮੌਕੇ ਬੀਰਬਲ ਸਿੰਘ ਭੁੱਟੀ ਵਾਲਾ ਜਗਦੇਵ ਸਿੰਘ ਜਗਸੀਰ ਸਿੰਘ ਸੀਰਾ ਨਸੀਬ ਸਿੰਘ ਮੈਂਬਰ ਚਸਪਿੰਦਰ ਸਿੰਘ ਤਜਿੰਦਰ ਸਿੰਘ ਇਕਬਾਲ ਸਿੰਘ ਆਪ ਆਗੂ, ਬੰਟੀ ਮੈਂਬਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਵਰਕਰ ਅਤੇ ਆਗੂ ਹਾਜ਼ਰ ਸਨ




## ਡੀ-ਅਡਿਕਸ਼ਨ ਐਂਡ ਰਿਹੈਬੀਲੀਟੇਸ਼ਨ ਸੈਟਰ

### ਸਿਵਲ ਹਸਪਤਾਲ,ਫਿਰੋਜਪੁਰ ਦਾ ਡਾਈਟ ਟੈਂਡਰ

ਸਿਵਲ ਹਸਪਤਾਲ ਫਿਰੋਜਪੁਰ ਵਿਖੇ ਡੀ-ਅਡਿਕਸ਼ਨ ਐਂਡ ਰਿਹੈਬੀਲੀਟੇਸ਼ਨ ਵਿੱਚ ਮਰੀਜਾਂ ਨੂੰ ਡਾਈਟ ਦੇਣ ਦਾ ਟੈਂਡਰ ਮਿਤੀ 12-11-2024 ਤੇ 17-11-2024 ਤੱਕ ਕੰਮ ਵਾਲੇ ਦਿਨ ਸਮਾਂ 1 ਵਜੇ ਤੱਕ ਸ਼ਰਤਾਂ/ਹਦਾਇਤਾਂ 500/- ਰੁਪਏ ਨਗਦ ਅਦਾਇਗੀ ਰਾਹੀਂ ਪ੍ਰਾਪਤ ਕਰ ਸਕਦੇ ਹੋ।

ਡਿਪਟੀ ਕਮਿਸ਼ਨਰ, ਫਿਰੋਜਪੁਰ ਬਿਨਾਂ ਕੋਈ ਕਾਰਨ ਦੱਸੇ ਟੈਂਡਰ ਰੱਦ ਕਰਨ ਦਾ ਅਧਿਕਾਰ ਰੱਖਦੇ ਹਨ।

**ਮੈਂਬਰ,**
**(ਐਸ ਐਮ ਉ)**
**ਡੀ-ਅਡਿਕਸ਼ਨ ਐਂਡ ਰਿਹੈਬੀਲੀਟੇਸ਼ਨ ਸੈਂਟਰ,**
**ਸਿਵਲ ਹਸਪਤਾਲ,ਫਿਰੋਜ਼ਪੁਰ।**

# ਅੰਤਰਰਾਸ਼ਟਰੀ ਕਾਨਫਰੰਸ ਵਿੱਚ ਡਾ. ਬਲਰਾਮ ਸ਼ਰਮਾ ਵੱਲੋਂ ਖੋਜ ਪਰਚੇ ਦੀ ਪੇਸ਼ਕਾਰੀ

ਪੰਜਾਬ ਦਾ ਖੁਲਾਸਾ





**ਫਤਹਿਗੜ੍ਹ ਸਾਹਿਬ 10 ਨਵੰਬਰ ( ਜੇ ਐਸ ਖੰਨਾ )** ਸਿੱਖ ਐਜੂਕੇਸ਼ਨ ਕੌਂਸਲ ਯੂ ਕੇ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਹਿਗੜ੍ਹ ਸਾਹਿਬ ਵਿਖੇ ਦੋ ਰੋਜ਼ਾ ਅੰਤਰਰਾਸ਼ਟਰੀ ਕਾਨਫਰੰਸ ਦਾ ਆਯੋਜਨ ਕੀਤਾ ਗਿਆ। ਇਹ ਕਾਨਫਰੰਸ 'ਸ੍ਰੀ ਗੁਰੂ ਗ੍ਰੰਥ ਸਾਹਿਬ ਬਹੁ ਅਨੁਸ਼ਾਸਨੀ ਪਰਿਪੇਖ' ਵਿਸ਼ੇ ਅਧੀਨ ਰੱਖੀ ਗਈ। ਇਸ ਕਾਨਫਰੰਸ ਵਿੱਚ ਖੰਨਾ ਦੇ ਨੈਸ਼ਨਲ ਅਵਾਰਡੀ ਡਾ. ਬਲਰਾਮ ਸ਼ਰਮਾ, ਲੈਕਚਰਾਰ ਭੂਗੋਲ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਸਾਹਨੇਵਾਲ ਵੱਲੋਂ ਮੱਧਕਾਲੀ ਪੰਜਾਬੀ ਸਾਹਿਤ ਵਿੱਚ 'ਗੁਰੂ' ਦਾ ਸੰਕਲਪ ਵਿਸ਼ੇ ਉੱਤੇ ਆਪਣੇ ਪਰਚੇ ਦੀ ਪੇਸ਼ਕਾਰੀ ਕੀਤੀ ਗਈ। ਆਪਣੇ ਪਰਚੇ ਵਿੱਚ ਡਾ.ਬਲਰਾਮ ਸ਼ਰਮਾ ਵੱਲੋਂ ਸੂਫੀ, ਕਿੱਸਾ, ਵਾਰ ਅਤੇ ਗੁਰਮਤਿ ਕਾਵਿ ਵਿੱਚ ਪ੍ਰਸਤੁਤ ਗੁਰੂ ਦੇ ਸੰਕਲਪ ਨੂੰ ਉਭਾਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਸ਼ਬਦ ਗੁਰੂ ਦੇ ਫਲਸਫੇ ਦੇ ਸਨਮੁਖ ਵਿਚਾਰਿਆ ਗਿਆ। ਇਸ ਕਾਨਫਰੰਸ ਵਿੱਚ ਯੂਨੀਵਰਸਿਟੀ ਦੇ ਚਾਂਸਲਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਕਾਨਫਰੰਸ ਦਾ ਉਦਘਾਟਨ ਪ੍ਰੋਫੈਸਰ ਗੁਰਨਾਮ ਸਿੰਘ ਗੁਰੂ ਨਾਨਕ ਇੰਸਟੀਚਿਊਟ ਆਫ ਗਲੋਬਲ ਸਟੱਡੀਜ਼ ਕਨੇਡਾ ਵੱਲੋਂ ਕੀਤਾ ਗਿਆ। ਇਸ ਕਾਨਫਰੰਸ ਵਿੱਚ ਪ੍ਰੋਫੈਸਰ ਅਜਾਇਬ ਸਿੰਘ ਬਰਾੜ ਪ੍ਰੋ- ਚਾਂਸਲਰ ,ਡਾ.ਅਵਤਾਰ ਸਿੰਘ ਸਿੱਖ ਐਜੂਕੇਸ਼ਨ ਕੌਂਸਲ ਯੂ ਕੇ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ ਜਦੋਂ ਕਿ ਸਮਾਗਮ ਦੀ ਪ੍ਰਧਾਨਗੀ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਪ੍ਰੋਫੈਸਰ ਪਰਿਤ ਪਾਲ ਸਿੰਘ ਵੱਲੋਂ ਕੀਤੀ ਗਈ। ਕਾਨਫਰੰਸ ਵਿੱਚ ਵਿਦਾਇਗੀ ਭਾਸ਼ਣ ਪ੍ਰੋਫੈਸਰ ਪਰਮਵੀਰ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਦਿੱਤਾ ਗਿਆ। ਇਸ ਕਾਨਫਰੰਸ ਵਿੱਚ ਉਕਤ ਤੋਂ ਇਲਾਵਾ ਡਾ. ਹਰਦੇਵ ਸਿੰਘ, ਮੁਖੀ ਧਰਮ ਅਧਿਐਨ ਵਿਭਾਗ, ਡਾ ? ਸਿਕੰਦਰ ਸਿੰਘ ਡੀਨ ਵਿਦਿਆਰਥੀ ਭਲਾਈ, ਪ੍ਰੋ. ਸੁਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਮਾਮਲੇ, ਪ੍ਰੋ. ਪ੍ਰੀਤਮ ਸਿੰਘ, ਪ੍ਰੋ. ਮਲਕਿੰਦਰ ਕੌਰ, ਪ੍ਰੋ. ਜਗਬੀਰ ਸਿੰਘ, ਪ੍ਰੋ. ਜੇ.ਐਨ ਭਾਟੀਆ, ਪ੍ਰੋ. ਸਵਰਾਜ ਰਾਜ ਸਿੰਘ, ਪ੍ਰੋ. ਗੁਰਮੁਖ ਸਿੰਘ ਮੁਖੀ ਪੰਜਾਬੀ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ,ਡਾ. ਚਰਨਜੀਤ ਸਿੰਘ ਕੋਨਟੇਨੀਅਲ ਕਾਲਜ ਕਨੇਡਾ, ਪ੍ਰੋ. ਜਮਸ਼ੀਦ ਅਲੀ ਖਾਨ, ਪ੍ਰੋਫੈਸਰ ਪ੍ਰਗਟ ਸਿੰਘ ਚੇਅਰਮੈਨ ਸਿੱਖ ਐਜੂਕੇਸ਼ਨ ਕੌਂਸਲ ਯੂਕੇ, ਪ੍ਰੋ. ਹਰਵਿੰਦਰ ਸਿੰਘ ਭੱਟੀ, ਪ੍ਰੋ. ਜਸਪਾਲ ਕੌਰ ਕਾਂਗ , ਡਾ. ਹਰਪ੍ਰੀਤ ਕੌਰ ਸਮੇਤ ਵੱਡੀ ਗਿਣਤੀ ਵਿੱਚ ਵੱਖ-ਵੱਖ ਕਾਲਜਾਂ , ਯੂਨੀਵਰਸਿਟੀਆਂ ਦੇ ਵਿਦਵਾਨ ਪ੍ਰੋਫੈਸਰ ਅਤੇ ਖੋਜਾਰਥੀ ਹਾਜ਼ਰ ਸਨ।

# ਸਵੱਛਤਾ ਅਭਿਆਨ ਸੁਸਾਇਟੀ ਫਗਵਾੜਾ ਰਜਿਸਟਰ ਨੇ ਮਨਾਇਆ ਬਾਲ ਦਿਵਸ

ਪੰਜਾਬ ਦਾ ਖੁਲਾਸਾ

**ਫਗਵਾੜਾ 10 ਨਵੰਬਰ (ਪ੍ਰੀਤ ਕੌਰ ਪ੍ਰੀਤੀ):-** ਸਵੱਛਤਾ ਅਭਿਆਨ ਸੁਸਾਇਟੀ ਫਗਵਾੜਾ ਰਜਿਸਟਰਡ ਅਤੇ ਸ਼ਿਵਾਲਾ ਦਾਮੋਦਰਦਾਸ ਮੰਦਿਰ ਪ੍ਰਬੰਧਕ ਕਮੇਟੀ ਦੀ ਤਰਫੋਂ ਸ਼ਿਵਾਲਾ ਦਾਮੋਦਰਦਾਸ ਮੰਦਿਰ, ਸਿਨੇਮਾ ਰੋਡ, ਫਗਵਾੜਾ ਵਿਖੇ ਬਾਲ ਦਿਵਸ ਮਨਾਇਆ ਗਿਆ। ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਦੀ ਭੂਮਿਕਾ ਪ੍ਰਜਾਪਿਤਾ ਬ੍ਰਹਮਾ ਕੁਮਾਰੀ ਈਸ਼ਵਰਿਆ ਵਿਸ਼ਵਵਿਦਿਆਲਿਆ, ਫਗਵਾੜਾ ਸੈਂਟਰ ਦੀ ਸੰਚਾਲਿਕਾ ਭੈਣ ਸੁਮਨ ਨੇ ਨਿਭਾਈ। ਉਨ੍ਹਾਂ ਦੇ ਨਾਲ ਬ੍ਰਹਮਾ ਕੁਮਾਰੀ ਵਿਜੇ ਮਾਤਾ ਜੀ, ਪਿ੍ੰਸੀਪਲ ਰੋਮਾ ਗੁਪਤਾ, ਪਿ੍ੰਸੀਪਲ ਸ਼ੋਭਾ ਗੁਪਤਾ, ਮਹੇਸ਼ ਚੰਦਰ ਗੁਪਤਾ, ਡਾ: ਇੰਦਰਜੀਤ ਪਾਲ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ ? ਪ੍ਰੋਗਰਾਮ ਦੀ ਸ਼ੁਰੂਆਤ ਮਹਿਮਾਨਾਂ ਵੱਲੋਂ ਰੀਬਨ ਕੱਟ ਕੇ ਕੀਤੀ ਗਈ। ਇਸ ਤੋਂ ਬਾਅਦ ਕ੍ਰਿਏਟਿਵ ਏਜ ਅਕੈਡਮੀ ਦੀ ਵਿਦਿਆਰਥਣ ਪਰਮੀਤ ਕੌਰ ਨੇ ਸਰਸਵਤੀ ਵੰਦਨਾ ਦਾ ਡਾਂਸ ਪੇਸ਼ ਕਰਕੇ ਦਰਸ਼ਕਾਂ ਦਾ ਮਨ ਮੋਹ ਲਿਆ । ਇਸ ਪ੍ਰੋਗਰਾਮ ਵਿੱਚ ਬੱਚਿਆਂ ਦੇ ਅੰਤਰ ਸਕੂਲ ਭਜਨ ਗਾਇਨ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਫਗਵਾੜਾ ਦੇ ਵੱਖ-ਵੱਖ ਸਕੂਲਾਂ ਜਿਵੇਂ ਕਮਲਾ ਨਹਿਰੂ ਪਬਲਿਕ ਸਕੂਲ, ਸ਼੍ਰੀ ਮਹਾਵੀਰ ਜੈਨ ਮਾਡਲ ਸਕੂਲ, ਰਾਮਗੜ੍ਹੀਆ ਬਾਬੇ ਨਾਨਕੀ ਸੀਨੀਅਰ ਸੈਕੰਡਰੀ ਸਕੂਲ, ਪੰਜਾਬ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਐਸ. ਡੀ.ਪੁਤਰੀ ਪਾਠਸ਼ਾਲਾ ਸੀਨੀਅਰ ਸੈਕੰਡਰੀ ਸਕੂਲ, ਐਸ.ਡੀ.ਕੇ.ਐਮ.ਵੀ ਸੀਨੀਅਰ ਸੈਕੰਡਰੀ ਸਕੂਲ, ਬੀ.ਸੀ.ਐਸ. ਇੰਟਰਨੈਸ਼ਨਲ ਪਬਲਿਕ ਸਕੂਲ, ਸਰਵ ਹਿੱਤਕਾਰੀ ਵਿਦਿਆ ਮੰਦਰ ਦੇ ਵਿਦਿਆਰਥੀਆਂ ਨੇ ਭਾਗ ਲਿਆ। ਬੱਚਿਆਂ ਨੇ ਦਰਸ਼ਕਾਂ ਦੇ ਸਨਮੁੱਖ ਬਹੁਤ ਹੀ ਸੁੰਦਰ ਭਜਨ ਪੇਸ਼ ਕਰਕੇ ਮਾਹੌਲ ਨੂੰ ਰੂਹਾਨੀ ਬਣਾ ਦਿੱਤਾ। ਇਸ ਮੁਕਾਬਲੇ ਦਾ ਨਿਰੀਖਣ ਸੰਗੀਤਕਾਰ ਪ੍ਰਦੀਪ ਕੁਮਾਰ, ਲਵਪ੍ਰੀਤ ਲਵ ਅਤੇ ਭੈਣ ਸੁਸ਼ਮਾ ਨੇ ਕੀਤਾ। ਮੁਕਾਬਲੇ ਵਿੱਚ ਕਮਲਾ ਨਹਿਰੂ ਪਬਲਿਕ ਸਕੂਲ ਪਹਿਲੇ ਸਥਾਨ 'ਤੇ ਰਿਹਾ। ਉੱਥੇ ਹੀ ਸ਼੍ਰੀ ਮਹਾਵੀਰ ਜੈਨ ਮਾਡਲ ਸਕੂਲ ਨੇ ਦੂਜਾ ਅਤੇ ਐਸ.ਡੀ.ਪੁਤਰੀ ਪਾਠਸ਼ਾਲਾ ਸੀਨੀਅਰ ਸੈਕੰਡਰੀ ਸਕੂਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਰਿਧਵਿਕਾ ਨੇ ਮਾਂ ਕਾਲੀ ਤਾਂਡਵ ਦੀ ਬਹੁਤ ਹੀ ਖੂਬਸੂਰਤ ਪੇਸ਼ਕਾਰੀ ਦਿੱਤੀ। ਇਸ ਦੌਰਾਨ ਕ੍ਰਿਏਟਿਵ ਏਜ ਅਕੈਡਮੀ ਦੇ ਛੋਟੇ-ਛੋਟੇ ਵਿਦਿਆਰਥੀਆਂ ਸ਼ਿਵਾਏ, ਕਾਰਤਿਕ, ਜਸ਼ਨ, ਅਭਿਜੋਤ, ਰਵਨੀਤ ਕੌਰ ਨੇ ਧਾਰਮਿਕ ਅਤੇ ਵਾਤਾਵਰਨ ਵਿਸ਼ੇ 'ਤੇ ਵੱਖ-ਵੱਖ ਡਾਂਸ ਪੇਸ਼ਕਾਰੀਆਂ ਅਤੇ ਫੈਂਸੀ ਡਰੈੱਸਾਂ 'ਚ ਭਾਗ ਲੈ ਕੇ ਵਾਤਾਵਰਨ ਦੀ ਸੰਭਾਲ ਦਾ ਸੁਨੇਹਾ ਦਿੱਤਾ ? ਸਵੱਛਤਾ ਅਭਿਆਨ ਸੁਸਾਇਟੀ ਦੇ ਚੇਅਰਮੈਨ ਸ਼੍ਰੀ ਮਦਨ ਮੋਹਨ ਖੱਟਰ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਸੁਸਾਇਟੀ ਦੇ ਪ੍ਰਧਾਨ ਅਸ਼ੀਸ਼ ਗਾਂਧੀ ਨੇ ਕਿਹਾ ਕਿ ਬੱਚੇ ਸਾਡੇ ਦੇਸ਼ ਦਾ ਭਵਿੱਖ ਹਨ। ਉਨ੍ਹਾਂ ਨੂੰ ਸਹੀ ਸਿੱਖਿਆ ਅਤੇ ਕਦਰਾਂ-ਕੀਮਤਾਂ ਪ੍ਰਦਾਨ ਕਰਨਾ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ। ਮੰਦਰ ਕਮੇਟੀ ਦੇ ਪ੍ਰਧਾਨ ਹਰਬੰਸ ਲਾਲ ਜੀ ਅਤੇ ਜਨਰਲ ਸਕੱਤਰ ਬਲਦੇਵ ਰਾਜ ਸ਼ਰਮਾ ਜੀ ਨੇ ਜੇਤੂ ਟੀਮਾਂ ਨੂੰ ਵਧਾਈ ਦਿੱਤੀ ਅਤੇ ਬਾਲ ਦਿਵਸ ਦੀਆਂ ਸ਼ੁਭਕਾਮਨਾਵਾਂ ਵੀ ਦਿੱਤੀਆਂ। ਸੰਸਥਾ ਵੱਲੋਂ ਸਕੂਲ ਦੇ ਅਧਿਆਪਕਾਂ ਨੂੰ ਤੁਲਸੀ ਦੇ ਪੌਦੇ ਵੰਡ ਕੇ ਸਨਮਾਨਿਤ ਵੀ ਕੀਤਾ ਗਿਆ। ਇਸ ਦੌਰਾਨ ਸੰਸਥਾ ਦੇ ਕੈਸ਼ੀਅਰ ਮੈਡਮ ਮੋਨਿਕਾ, ਪ੍ਰੋਜੈਕਟ ਕੋਆਰਡੀਨੇਟਰ ਅਮਰਜੀਤ ਡੰਗ, ਵਾਈਸ ਚੇਅਰਮੈਨ ਕਸ਼ਮੀਰੀ ਲਾਲ, ਸੰਦੀਪ ਚੋਪੜਾ, ਨੀਰਜ ਕੁਮਾਰ, ਅੰਜੂ ਬਾਲਾ, ਪੂਜਾ ਪੁੰਜ, ਸੀਮਾ, ਖੁਸ਼ਬੂ, ਮੋਨਿਕਾ ਬੇਦੀ, ਅਸ਼ੋਕ ਸ਼ਰਮਾ, ਬਲਵਿੰਦਰ ਠਾਕੁਰ, ਵਿਨੀਤ ਗਾਬਾ, ਕੋਰੀਓਗ੍ਰਾਫਰ ਪਵਨ , ਰਮਨ ਨਹਰਾ, ਸਾਹਿਲ, ਸਤਿਅਮ ਅਤੇ ਹੋਰ ਸ਼ਹਿਰ ਵਾਸੀ ਹਾਜ਼ਰ ਸਨ।



# ਗਿੱਦੜਬਾਹਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਨੁੱਕੜ ਮੀਟਿੰਗਾਂ ਰਾਹੀਂ ਪ੍ਰਚਾਰ ਕੀਤਾ ਤੇਜ

ਪੰਜਾਬ ਦਾ ਖੁਲਾਸਾ



**ਗਿੱਦੜਬਾਹਾ, 10 ਨਵੰਬਰ (ਲਖਵੀਰ ਸਿੰਘ ਧੂਲਕੋਟੀਆ)** ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਆਪਣੇ ਚੋਣ ਪ੍ਰਚਾਰ ਨੂੰ ਹੋਰ ਤੇਜ਼ ਕਰਦੇ ਹੋਏ ਹਲਕੇ ਦੇ ਪਿੰਡਾਂ ਵਿੱਚ ਵਰਕਰਾਂ ਤੇ ਆਗੂਆਂ ਨਾਲ ਨੁੱਕੜ ਮੀਟਿੰਗਾਂ ਤੇ ਚੋਣ ਜਲਸੇ ਸ਼ੁਰੂ ਕੀਤੇ ਹਲਕੇ ਦੇ ਪਿੰਡ ਭਾਰੂ ਬੁੱਟਰ ਬਖੂਆ ਅਤੇ ਕੋਟਭਾਈ ਵਿਖੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਡਿੰਪੀ ਢਿੱਲੋਂ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲੋਕਾਂ ਨਾਲ ਕੀਤੇ ਗਏ ਸਾਰੇ ਵਾਅਦੇ ਪੂਰੇ ਕੀਤੇ ਜਾ ਰਹੇ ਹਨ ਅਤੇ ਪੰਜਾਬ ਦੀ ਤਰੱਕੀ ਤੇ ਖੁਸ਼ਹਾਲੀ ਲਈ ਸਿਹਤ ਸਹੂਲਤਾਂ ਚੰਗੀ ਸਿੱਖਿਆ ਅਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਸਰਕਾਰ ਵੱਲੋਂ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ ਉਨਾਂ ਕਿਹਾ ਕਿ ਗਿੱਦੜਵਾਹ ਹਲਕੇ ਦੇ ਲੋਕ ਮੇਰੇ ਪਰਿਵਾਰਿਕ ਮੈਂਬਰ ਹਨ ਤੇ ਮੈਂ ਇਹਨਾਂ ਦੀਆਂ ਮੁਸ਼ਕਿਲਾਂ ਨੂੰ ਦੂਰ ਕਰਨ ਲਈ ਹਰ ਸਮੇਂ ਤਤਪਰ ਰਹਿੰਦਾ ਹਾਂ ਕਿਉਂਕਿ ਮੈਂ ਹਰ ਸਮੇਂ ਇਹਨਾਂ ਲੋਕਾਂ ਦੇ ਵਿੱਚ ਰਹਿ ਰਿਹਾ ਹਾਂ ਤੇ ਬਾਕੀ ਉਮੀਦਵਾਰ ਬਾਹਰ ਦੇ ਰਹਿਣ ਵਾਲੇ ਹਨ ਉਹਨਾਂ ਨੂੰ ਹਲਕੇ ਦੇ ਲੋਕਾਂ ਨਾਲ ਕੋਈ ਤਲਕ ਵਾਸਤਾ ਨਹੀਂ ਹੈ ਉਹ ਤਾਂ ਸਿਰਫ ਵੋਟਾਂ ਲੈਣ ਲਈ ਵੱਡੇ ਵੱਡੇ ਝੂਠ ਅਤੇ ਲਾਰੇ ਲਾ ਕੇ ਲੋਕਾਂ ਨੂੰ ਲਭਾਉਣ ਦੀ ਕੋਸ਼ਿਸ਼ ਕਰ ਰਹੇ ਹਨ ਇਸ ਮੌਕੇ ਹਰਦੀਪ ਸਿੰਘ ਡਿੰਪੀ ਢਿੱਲੋ ਨੂੰ ਸਮਰਥਕਾਂ ਨੇ ਲੱਡੂਆਂ ਅਤੇ ਕੇਲਿਆਂ ਨਾਲ ਤੋਲਿਆ ਗਿਆ ਇਸ ਮੌਕੇ ਕਈ ਪਰਿਵਾਰ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ ਇਸ ਮੌਕੇ ਸੁਖਮੰਦਰ ਸਿੰਘ ਹਰਮਿੰਦਰ ਸਿੰਘ ਮਲਕੀਤ ਸਿੰਘ ਜਗਜੀਤ ਸਿੰਘ ਬੇਅੰਤ ਸਿੰਘ ਹਰਮੀਤ ਸਿੰਘ ਜਗਜੀਤ ਸਿੰਘ ਮੁਨਸੀ ਸਿੰਘ ਸ਼ਿੰਪੀ ਬੰਸਲ ਜਗਸੀਰ ਸਿੰਘ ਸੀਰਾ ਸਰਪੰਚ ਕੋਲ ਭਾਈ ਰਣਧੀਰ ਸਿੰਘ ਧੀਰਾ ਕੋਠੇ ਦਸ਼ਮੇਸ਼ ਨਗਰ ਪਵਨ ਕੁਮਾਰ ਸ਼ਰਮਾ ਮਨਪ੍ਰੀਤ ਸ਼ਰਮਾ ਅਮਨਦੀਪ ਸਿੰਘ ਕਸ਼ਮੀਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਰਕਰ ਤੇ ਆਗੂ ਹਾਜਰ ਸਨ

# ਸ੍ਰੀ ਸ਼ਿਆਮ ਮੰਦਰ ਭਾਗੀਵਾਦਰ ਵਿਖੇ ਜਾਗਰਣ ਤੇ ਭੰਡਾਰਾ 12 ਨੂੰ

ਪੰਜਾਬ ਦਾ ਖੁਲਾਸਾ



**ਰਾਮਾਂ ਮੰਡੀ, 10 ਨਵੰਬਰ (ਅਸ਼ੋਕ)** ਤਲਵੰਡੀ ਸਾਬੋ ਤੋ ਪੰਜ ਕੁ ਕਿਲੋਮੀਟਰ ਦੂਰੀ ਤੇ ਪਿੰਡ ਭਾਗੀਵਾਦਰ ਨਹਿਰ ਲਾਗੇ ਸ੍ਰੀ ਖਾਟੂ ਸਿਆਮ ਮਾਹਰਾਜ ਜੀ ਦੇ ਬਣ ਰਹੇ ਵਿਸ਼ਾਲ ਮੰਦਰ ਜਿਸ ਦਾ ਨਿਰਮਾਣ ਚੱਲ ਰਿਹਾ ਹੈ ਵਿਖੇ 12 ਨਵੰਬਰ ਨੂੰ ਵਿਸ਼ਾਲ ਜਾਗਰਣ ਤੇ ਭੰਡਾਰਾ ਨਗਰ ਨਿਵਾਸੀਆਂ ਤੇ ਦਾਨੀ ਸੱਜਣਾ ਦੇ ਸਹਿਯੋਗ ਨਾਲ ਧੂਮ ਧਾਮ ਨਾਲ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਮੰਦਰ ਕਮੇਟੀ ਦੇ ਅਹੁਦੇਦਾਰਾਂ ਨੇ ਦੱਸਿਆ ਕਿ ਦਾਨੀ ਸੱਜਣਾਂ ਦੇ ਸਹਿਯੋਗ ਅਤੇ ਸ੍ਰੀ ਖਾਟੂ ਸਿਆਮ ਮਾਹਰਾਜ ਜੀ ਦੀ ਅਪਾਰ ਕ੍ਰਿਪਾ ਦੇ ਨਾਲ ਸ੍ਰੀ ਸਿਆਮ ਮੰਦਰ ਦਾ ਨਿਰਮਾਣ ਚੱਲ ਰਿਹਾ ਹੈ ਤੇ ਇੱਥ ਰੋਜਾਨਾ ਵੱਡੀ ਗਿਣਤੀ ਵਿੱਚ ਭਗਤ ਮੱਥਾ ਟੇਕਣ ਲਈ ਆ ਰਹੇ ਹਨ।ਉਨਾ ਕਿਹਾ ਕਿ 12 ਨਵੰਬਰ ਦਿਨ ਮੰਗਲਵਾਰ ਨੂੰ ਜਾਗਰਣ ਤੇ ਭੰਡਾਰਾ ਕਰਵਾਇਆ ਜਾ ਰਿਹਾ ਹੈ ਜਿਸ ਸਬੰਧੀ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਇਸ ਜਾਗਰਣ ਵਿੱਚ ਗੁਣਗਾਨ ਕਰਨ ਲਈ ਨਾਮੀ ਕਲਾਕਾਰ ਸੁਨੀਲ ਰਾਹੀ ਰਾਮਾ ਮੰਡੀ, ਸੋਨੀਆ ਸ਼ਰਮਾ, ਲੱਕੀ ਕਾਵੜ ਹਨੂਮਾਨਗੜ ਵਾਲੇ ਪਹੁੰਚ ਰਹੇ ਹਨ। ਉਨਾ ਇਹ ਵੀ ਦੱਸਿਆ ਕਿ ਅੱਜ ਮਿਤੀ 10 ਨਵੰਬਰ ਨੂੰ ਸਿਆਮ ਰੱਥ ਯਾਤਰਾ ਕੱਢੀ ਗਈ। ਇਹ ਯਾਤਰਾ ਪਟਿਆਲਾ ਬੈਂਕ ਤੋ ਸੁਰੂ ਕਰਕੇ ਨਗਰ ਅੰਦਰ ਕੱਢੀ ਗਈ। ਇਸ ਮੌਕੇ ਮੁਕੇਸ਼ ਸਰਮਾ ਮੁੱਖ ਪੁਜਾਰੀ, ਗੁਰਦੀਪ ਗਿੱਲ ਮੁੱਖ ਸੇਵਾਦਾਰ, ਹਰਿਓਮ ਕੈਸ਼ੀਅਰ, ਹਨੀ ਕੁਮਾਰ ਗੋਇਲ ਸੀਨੀਅਰ ਉੱਪ ਪ੍ਰਧਾਨ, ਰਾਮ ਕੁਮਾਰ ਉੱਪ ਪ੍ਰਧਾਨ, ਨਰੇਦਰ ਕੁਮਾਰ ਜੈਨ ਸੈਕਟਰੀ, ਨਰੇਸ਼ ਕੁਮਾਰ ਬਾਂਸਲ ਜਨਰਲ ਸੈਕਟਰੀ, ਸਾਮ ਸੁੰਦਰ ਫੌਜੀ ਚੇਅਰਮੈਨ, ਤਰਸੇਮ ਸਿੰਘ ਮੀਡੀਆ ਸਲਾਹਕਾਰ, ਸਤੀਸ਼ ਕੁਮਾਰ ਗੋਇਲ ਵਾਈਸ ਚੇਅਰਮੈਨ, ਰਾਜ ਕੁਮਾਰ ਸਲਾਹਕਾਰ ਸਮੇਤ ਹੋਰ ਮੈਬਰ ਤੇ ਨਗਰ ਨਿਵਾਸੀ ਵੱਡੀ ਗਿਣਤੀ ਵਿੱਚ ਹਾਜਰ ਸਨ।

# ਪਿੰਡ ਸਲੇਮਪੁਰ, ਵਿਖੇ ਘਰ ਵਿੱਚ ਔਰਤ ਦੇ ਹੋਏ ਅੰਨੇ ਕਤਲ ਨੂੰ 04 ਘੰਟਿਆਂ ਵਿੱਚ ਕੀਤਾ ਟਰੇਸ : ਸੁਰੇਂਦਰ ਲਾਂਬਾ, ਬਾਹੀਆ

ਪੰਜਾਬ ਦਾ ਖੁਲਾਸਾ



**ਹੁਸ਼ਿਆਰਪੁਰ 10 ਨਵੰਬਰ (ਤਰਸੇਮ ਦੀਵਾਨਾ)** ਸੁਰੇਂਦਰ ਲਾਂਬਾ ਆਈ.ਪੀ.ਐਸ., ਸੀਨੀਅਰ ਕਪਤਾਨ ਪੁਲਿਸ, ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਮਾਜ ਵਿਰੋਧੀ ਅਨਸਰਾਂ ਤੇ ਸ਼ਿਕੰਜਾ ਕੱਸਦੇ ਹੋਏ, ਸਰਬਜੀਤ ਸਿੰਘ ਬਾਹੀਆ ਪੀ.ਪੀ.ਐਸ, ਕਪਤਾਨ ਪੁਲਿਸ, ਤਫਤੀਸ਼ ਹੁਸ਼ਿਆਰਪੁਰ, ਦਵਿੰਦਰ ਸਿੰਘ ਬਾਜਵਾ ਪੀ ਪੀ ਐਸ , ਉਪ ਕਪਤਾਨ ਪੁਲਿਸ ਸਬ-ਡਵੀਜ਼ਨ ਟਾਂਡਾ ਦੀ ਯੋਗ ਨਿਗਰਾਨੀ ਹੇਠ ਇੰਸਪੈਕਟਰ ਗੁਰਿੰਦਰਜੀਤ ਸਿੰਘ ਨਾਗਰਾ ਮੁੱਖ ਅਫਸਰ ਥਾਣਾ ਟਾਂਡਾ ਵਲੋਂ 08 ਸਤੱਬਰ ਦੀ ਦਰਮਿਆਨੀ ਰਾਤ ਨੂੰ ਪਿੰਡ ਸਲੇਮਪੁਰ, ਥਾਣਾ ਟਾਂਡਾ ਵਿਖੇ ਬਲਵਿੰਦਰ ਕੌਰ ਦੇ ਕੀਤੇ ਕਤਲ ਵਿੱਚ ਲੋੜੀਂਦੇ ਕਥਿਤ ਦੋਸ਼ੀ ਨੂੰ ਗ੍ਰਿਫਤਾਰ ਕਰਨ ਲਈ ਵੱਖ-ਵੱਖ ਟੀਮਾਂ ਦਾ ਗਠਨ ਕੀਤਾ ਗਿਆ ਸੀ। ਜੋ ਉਕਤ ਟੀਮਾਂ ਵਲੋਂ ਖੁਫੀਆ ਅਤੇ ਟੈਕਨੀਕਲ ਸੋਰਸਾਂ ਦੀ ਮਦਦ ਨਾਲ ਤਫਤੀਸ਼ ਕਰਦੇ ਹੋਏ ਉਕਤ ਮੁਕੱਦਮੇ ਵਿੱਚ ਕਥਿਤ ਦੋਸ਼ੀ ਮਨਦੀਪ ਸਿੰਘ ਪੁੱਤਰ ਬੂਟਾ ਸਿੰਘ ਵਾਸੀ, ਤਲਵੰਡੀ ਡੱਡੀਆਂ, ਥਾਣਾ ਟਾਂਡਾ ਨੂੰ 04 ਘੰਟੇ ਦੇ ਅੰਦਰ ਗ੍ਰਿਫਤਾਰ ਕਰਨ ਵਿੱਚ ਵੱਡੀ ਸਫਲਤਾ ਹਾਸਲ ਕੀਤੀ ਹੈ। ਸੁਰੇਂਦਰ ਲਾਂਬਾ, ਆਈ.ਪੀ.ਐਸ. ਸੀਨੀਅਰ ਕਪਤਾਨ ਪੁਲਿਸ, ਹੁਸ਼ਿਆਰਪੁਰ ਨੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਮ੍ਰਿਤਕ ਬਲਵਿੰਦਰ ਕੌਰ ਦੀ ਲੜਕੀ ਪਰਮਜੀਤ ਕੌਰ ਕਥਿਤ ਦੋਸ਼ੀ ਮਨਦੀਪ ਸਿੰਘ ਦੇ ਸਕੇ ਭਰਾ ਬਲਜੀਤ ਸਿੰਘ ਨਾਲ ਵਿਆਹੀ ਹੋਈ ਹੈ ਅਤੇ ਦੋਨੋਂ ਇਸ ਸਮੇਂ ਆਪਣੇ ਬੱਚਿਆਂ ਸਮੇਤ ਵਿਦੇਸ਼ ਅਸਟ੍ਰੇਲੀਆ ਵਿਖੇ ਰਹਿ ਰਹੇ ਹਨ। ਜੋ ਦੋਨਾਂ ਪਤੀ-ਪਤਨੀ ਦਾ ਵਿਦੇਸ਼ ਵਿੱਚ ਆਪਸੀ ਘਰੇਲੂ ਕਲੇਸ਼ ਚੱਲ ਰਿਹਾ ਹੈ। ਕਥਿਤ ਦੋਸ਼ੀ ਮਨਦੀਪ ਸਿੰਘ ਨੂੰ ਇਹ ਸ਼ੱਕ ਸੀ ਕਿ ਮ੍ਰਿਤਕ ਬਲਵਿੰਦਰ ਕੌਰ ਆਪਣੀ ਲੜਕੀ ਪਰਮਜੀਤ ਕੌਰ ਨੂੰ ਚੁੱਕਦੇ ਨੇ ਉਸਦੇ ਸਕੇ ਭਰਾ ਬਲਜੀਤ ਸਿੰਘ ਨਾਲ ਝਗੜਾ ਕਰਵਾਉਂਦੀ ਹੈ ਅਤੇ ਉਸਦਾ ਘਰ ਨਹੀਂ ਵੱਸਣ ਦਿੰਦੀ। ਇਸ ਰੰਜਿਸ਼ ਤਹਿਤ ਹੀ ਉਸ ਵਲੋਂ ਆਪਣਾ ਹੁਲੀਆ ਬਦਲ ਕੇ ਮ੍ਰਿਤਕਾ ਬਲਵਿੰਦਰ ਕੌਰ ਦਾ ਚਾਕੂ ਮਾਰ ਕੇ ਕਤਲ ਕੀਤਾ।

# ਥਾਣਾ ਗੜ੍ਹਸ਼ੰਕਰ ਵਲੋਂ ਪਿੰਡ ਮੋਰਾਂਵਾਲੀ, ਵਿਖੇ ਹੋਏ 03 ਕਤਲਾਂ ਦੇ ਕਥਿਤ ਦੋਸ਼ੀਆਂ ਨੂੰ ਕੀਤਾ ਤੁਰੰਤ ਗ੍ਰਿਫਤਾਰ : ਐਸ ਐਸ ਪੀ ਲਾਂਬਾ, ਬਾਹੀਆ

ਪੰਜਾਬ ਦਾ ਖੁਲਾਸਾ



**ਹੁਸ਼ਿਆਰਪੁਰ 10 ਨਵੰਬਰ ( ਤਰਸੇਮ ਦੀਵਾਨਾ)** ਸੁਰੇਂਦਰ ਲਾਂਬਾ ਆਈ.ਪੀ.ਐਸ., ਸੀਨੀਅਰ ਕਪਤਾਨ ਪੁਲਿਸ, ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਮਾਜ ਵਿਰੋਧੀ ਅਨਸਰਾਂ ਤੇ ਸ਼ਿਕੰਜਾ ਕਸਦੇ ਹੋਏ, ਸਰਬਜੀਤ ਸਿੰਘ ਬਾਹੀਆ ਪੀ.ਪੀ.ਐਸ, ਕਪਤਾਨ ਪੁਲਿਸ, ਤਫਤੀਸ਼ ਹੁਸ਼ਿਆਰਪੁਰ, ਜਸਪ੍ਰੀਤ ਸਿੰਘ ਪੀ ਪੀ ਐਸ , ਉਪ ਕਪਤਾਨ ਪੁਲਿਸ ਸਬ-ਡਵੀਜ਼ਨ ਗੜਸ਼ੰਕਰ ਦੀ ਯੋਗ ਨਿਗਰਾਨੀ ਹੇਠ ਮੁੱਖ ਅਫਸਰ ਥਾਣਾ ਗੜਸ਼ੰਕਰ ਵਲੋਂ ਬੀਤੀ 09 ਨਵੰਬਰ ਨੂੰ ਪਿੰਡ ਮੋਰਾਂਵਾਲੀ, ਵਿਖੇ ਮਨਪ੍ਰੀਤ ਸਿੰਘ ਉਰਫ ਮਨੀ ਪੁੱਤਰ ਬਲਵੀਰ ਸਿੰਘ, ਗੁਰਸੁਖਤਿਆਰ ਸਿੰਘ ਉਰਫ ਸੁੱਖਾ ਪੁੱਤਰ ਜਗਤਾਰ ਸਿੰਘ ਵਾਸੀਆਨ ਮੋਰਾਂਵਾਲੀ, ਥਾਣਾ ਗੜਸ਼ੰਕਰ ਅਤੇ ਗੁਰਸ਼ਰਨ ਸਿੰਘ ਪੁੱਤਰ ਸੁਖਜਿੰਦਰ ਸਿੰਘ ਮੁਹੱਲਾ ਤੁੰਗਲ ਗੇਟ ਬੰਗਾ, ਥਾਣਾ ਸਿਟੀ ਬੰਗਾ, ਜਿਲ੍ਹਾ ਸ਼ਹੀਦ ਭਗਤ ਸਿੰਘ ਨੂੰ ਥਾਣਾ ਗੜਸ਼ੰਕਰ ਵਿੱਚ ਲੋੜੀਂਦੇ ਕਥਿਤ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਲਈ ਵੱਖ-ਵੱਖ ਟੀਮਾਂ ਦਾ ਗਠਨ ਕੀਤਾ ਗਿਆ ਸੀ। ਜੋ ਕਿ ਉਕਤ ਟੀਮਾਂ ਵਲੋਂ ਖੁਫੀਆ ਅਤੇ ਟੈਕਨੀਕਲ ਸੋਰਸਾਂ ਦੀ ਮਦਦ ਨਾਲ ਤਫਤੀਸ਼ ਕਰਦੇ ਹੋਏ ਉਕਤ ਮੁਕੱਦਮੇ ਵਿੱਚ ਲੋੜੀਂਦੇ 11 ਕਥਿਤ ਦੋਸ਼ੀਆਂ ਵਿੱਚੋਂ 05 ਕਥਿਤ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰਨ ਵਿੱਚ ਵੱਡੀ ਸਫਲਤਾ ਹਾਸਲ ਕੀਤੀ ਹੈ। ਸੁਰੇਂਦਰ ਲਾਂਬਾ, ਆਈ.ਪੀ.ਐਸ. ਸੀਨੀਅਰ ਕਪਤਾਨ ਪੁਲਿਸ, ਨੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਕਥਿਤ ਦੋਸ਼ੀ ਗੁਰਪ੍ਰੀਤ ਸਿੰਘ ਉਰਫ ਗੋਪੀ ਪਿੰਡ ਮੋਰਾਂਵਾਲੀ ਵਿਖੇ ਨਸ਼ਾ ਛੁਡਾਓ ਕੇਂਦਰ ਚਲਾ ਰਿਹਾ ਹੈ, ਜੋ 25-ਅਕਤੂਬਰ 24 ਨੂੰ ਮ੍ਰਿਤਕ ਮਨਪ੍ਰੀਤ ਸਿੰਘ ਵਲੋਂ ਗੁਰਪ੍ਰੀਤ ਸਿੰਘ ਦੇ ਨਸ਼ਾ ਛੁਡਾਓ ਕੇਂਦਰ ਬਾਰੇ ਗਲਤ ਸ਼ਬਦਾਵਲੀ ਦੀ ਵਰਤੋਂ ਕਰਨ ਤੇ ਦੋਨਾਂ ਵਿੱਚ ਲੜਾਈ ਝਗੜਾ ਹੋਇਆ ਸੀ। ਜਿਸ ਸਬੰਧੀ ਥਾਣਾ ਗੜਸੰਕਰ ਵਿਖੇ ਮਨਪ੍ਰੀਤ ਸਿੰਘ ਦੀ ਐਮ.ਐਲ.ਆਰ ਦੇ ਮੁਤਾਬਿਕ ਦੋਨਾਂ ਧਿਰਾਂ ਨੂੰ ਤਲਬ ਕੀਤਾ ਗਿਆ ਸੀ ਜਿੱਥੇ ਦੋਨਾਂ ਧਿਰਾਂ ਦੀ ਕੋਈ ਗੱਲਬਾਤ ਨਾ ਸਿਰੇ ਚੜਨ ਤੇ ਦੋਨਾਂ ਧਿਰਾਂ ਦੇ ਨਾਲ ਆਏ ਮੋਹਤਬਰ ਵਿਅਕਤੀਆਂ ਵਲੋਂ ਆਪਸੀ ਰਾਜੀਨਾਮੇ ਲਈ ਸਮਾਂ ਲਿਆ ਗਿਆ ਸੀ। ਪ੍ਰੰਤੂ ਮ੍ਰਿਤਕ ਮਨਪ੍ਰੀਤ ਸਿੰਘ ਦੀ ਐਮ.ਐਲ.ਆਰ ਸਬੰਧੀ ਰਪਟ ਬੀ.ਐਨ.ਐਸ ਦਰਜ ਕੀਤੀ ਗਈ ਸੀ। ਜੋ ਗੁਰਪ੍ਰੀਤ ਸਿੰਘ ਉਰਫ ਗੋਪੀ ਵਲੋਂ ਇਸੇ ਰੰਜਿਸ਼ ਤਹਿਤ 'ਆਪਣੇ ਸਾਥੀਆਂ ਸਮੇਤ ਮਨਪ੍ਰੀਤ ਸਿੰਘ ਅਤੇ ਉਸਦੇ 02 ਦੋਸਤਾਂ ਦਾ ਕਤਲ ਕਰ ਦਿੱਤਾ ਸੀ । ਪੁਲਿਸ ਅਧਿਕਾਰੀਆ ਨੇ ਦੱਸਿਆ ਕਿ ਇਸ ਸਬੰਧੀ ਗੁਰਪ੍ਰੀਤ ਸਿੰਘ ਉਰਫ ਗੋਪੀ ਪੁੱਤਰ ਦਲਜੀਤ ਸਿੰਘ ਵਾਸੀ ਮੋਰਾਂਵਾਲੀ, ਥਾਣਾ ਗੜਸ਼ੰਕਰ। ਦਲਜੀਤ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਮੋਰਾਂਵਾਲੀ, ਥਾਣਾ ਗੜਸ਼ੰਕਰ। ਬਲਜਿੰਦਰ ਸਿੰਘ ਉਰਫ ਬਿੱਲਾ ਪੁੱਤਰ ਸੁਰਿੰਦਰ ਸਿੰਘ ਵਾਸੀ ਮੋਰਾਂਵਾਲੀ, ਥਾਣਾ ਗੜਸ਼ੰਕਰ।ਇੰਦਰਜੀਤ ਸਿੰਘ ਉਰਫ ਇੰਦੂ ਭਲਵਾਨ ਪੁੱਤਰ ਜਸਵੰਤ ਸਿੰਘ ਵਾਸੀ ਪੱਦੀ ਸੂਰਾ ਸਿੰਘ, ਥਾਣਾ ਮਾਹਿਲਪੁਰ । ਦੀਪਕਪ੍ਰੀਤ ਸਿੰਘ ਦੀਪਕ ਪੁੱਤਰ ਸਰਵਣ ਸਿੰਘ ਵਾਸੀ ਖੁਵਾਸ਼ਪੁਰ, ਥਾਣਾ ਗੋਇੰਦਵਾਲ ਸਾਹਿਬ, ਜਿਲ੍ਹਾ ਤਰਨਤਾਰਨ ਸਮੇਤ ਪੰਜ ਕਥਿਤ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਉਹਨਾਂ ਦੱਸਿਆ ਕਿ ਬਾਕੀ ਰਹਿੰਦੇ ਕਥਿਤ ਦੋਸ਼ੀਆਂ ਦੀ ਭਾਲ ਜਾਰੀ ਹੈ !

# ਐਸ.ਡੀ.ਐਮ. ਹਰਬੰਸ ਸਿੰਘ ਨੇ ਅਹਿਮਦਗੜ੍ਹ ਦੇ ਖਾਦ ਡੀਲਰਾਂ/ ਵਿਕ੍ਰੇਤਾਵਾਂ ਦੀ ਵਿਸ਼ੇਸ ਚੈਕਿੰਗ ਕੀਤੀ

### ਕਿਹਾ,ਜਮ੍ਹਾਖੋਰੀ ਤੇ ਕਾਲਾਬਾਜ਼ਾਰੀ ਕਰਨ ਵਾਲਿਆਂ ਵਿਰੁੱਧ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹੋਵੇਗੀ ਸਖ਼ਤ ਕਾਰਵਾਈ

ਪੰਜਾਬ ਦਾ ਖੁਲਾਸਾ



**ਅਹਿਮਦਗੜ੍ਹ 10 ਨਵੰਬਰ ( ਬੰਟੀ ਚੌਹਾਨ)** ਹਾੜੀ ਸੀਜਨ ਦੀਆਂ ਫ਼ਸਲਾਂ ਦੀ ਬਿਜਾਈ ਦੇ ਮੱਦੇਨਜਰ ਕਿਸਾਨਾਂ ਨੂੰ ਡੀ.ਏ.ਪੀ. ਅਤੇ ਹੋਰ ਖਾਦਾਂ ਢੁੱਕਵੇਂ ਅਤੇ ਵਾਜਬ ਭਾਅ 'ਤੇ ਮੁਹੱਈਆ ਕਰਵਾਉਣ ਲਈ ਉਪ ਮੰਡਲ ਮੈਜਿਸਟਰੇਟ ਅਹਿਮਦਗੜ੍ਹ ਹਰਬੰਸ ਸਿੰਘ ਨੇ ਡਿਪਟੀ ਕਮਿਸ਼ਨਰ ਡਾ ਪੱਲਵੀ ਦੇ ਦਿਸ਼ਾ ਨਿਰਦੇਸਾ ਤਹਿਤ ਖਾਦ ਡੀਲਰਾਂ ਅਤੇ ਵਿਕ੍ਰੇਤਾਵਾਂ ਦੀ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨਾਲ ਸਥਾਨਕ ਮੈਸ ਰੂੜਾ ਮੱਲ ਪ੍ਰੇਮ ਚੰਦ, ਮੈਸ. ਕੁਲਵੰਤ ਰਾਏ ਅਸ਼ੋਕ ਕੁਮਾਰ, ਮੈਸ. ਰੂੜਾ ਮੱਲ ਐਂਡ ਸੰਨਜ, ਮੈਸ. ਨਿਊ ਰੂੜਾ ਮੱਲ ਬਿਮਲ ਕੁਮਾਰ, ਕਿਸਾਨ ਐਗਰੋ ਸੈਂਟਰ ,ਨੌਰੰਗ ਸਿੰਘ ਐਂਡ ਕੰਪਨੀ, ਮੈਸ.ਵਲੈਤੀ ਰਾਮ ਜਗਤਨਾਥ, ਜਗਦੀਪ ਚੰਦ ਰਾਮੇਸਵਰ ਦਾਸ ਆਦਿ ਖਾਦ ਡੀਲਰਾਂ/ ਵਿਕ੍ਰੇਤਾਵਾਂ ਵਿਸ਼ੇਸ ਚੈਕਿੰਗ ਕੀਤੀ।ਚੈਕਿੰਗ ਦੌਰਾਨ ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਖਾਦਾਂ ਦੀ ਕਾਲਾਬਾਜਾਰੀ, ਵੱਧ ਕੀਮਤ ਵਸੂਲੀ ਅਤੇ ਬੇਲੋੜੀ ਟੈਗਿੰਗ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕਿਸੇ ਵੀ ਖਾਦ ਵੇਚਣ ਵਾਲੇ ਨੂੰ ਡੀ.ਏ.ਪੀ. ਜਾਂ ਯੂਰੀਆ ਨਾਲ ਬੇਲੋੜੀ ਸਮੱਗਰੀ ਟੈਗ ਕਰਨ ਦੀ ਮਨਾਹੀ ਹੈ। ਜੇਕਰ ਕੋਈ ਵਿਕਰੇਤਾ ਅਜਿਹੀਆਂ ਬੇਨਿਯਮੀਆਂ ਕਰਦਾ ਪਾਇਆ ਗਿਆ ਤਾਂ ਉਸ ਵਿਰੁੱਧ ਜਰੂਰੀ ਵਸਤਾਂ ਐਕਟ ੧੯੫੫ ਅਤੇ ਖਾਦ ਕੰਟਰੋਲ ਆਰਡਰ ੧੯੫੫ ਤਹਿਤ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿਚਲੇ ਖਾਦ ਵਿਕਰੇਤਾਵਾਂ ਦੀ ਲਗਾਤਾਰ ਚੈਕਿੰਗ ਕੀਤੀ ਜਾ ਰਹੀ ਹੈ ਤਾਂ ਜੋ ਕੋਈ ਵੀ ਖਾਦ ਵਿਕਰੇਤਾ ਡੀ.ਏ.ਪੀ. ਖਾਦ ਦਾ ਭੰਡਾਰਨ ਨਾ ਕਰ ਸਕੇ ਅਤੇ ਕਿਸਾਨਾਂ ਨੂੰ ਖਾਦ ਲਈ ਕੋਈ ਮੁਸ਼ਕਲ ਪੇਸ਼ ਨਾ ਆਵੇ ਉਨ੍ਹਾਂ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਡਿਪਟੀ ਕਮਿਸ਼ਨਰ ਡਾ ਪੱਲਵੀ ਦੇ ਯੋਗ ਦਿਸ਼ਾ ਨਿਰਦੇਸ਼ਾ ਹੇਠ ਸਮੁੱਚਾ ਜ਼ਿਲ੍ਹਾ ਪ੍ਰਸ਼ਾਸਨ ਕਿਸਾਨਾਂ ਦੀਆਂ ਮੁਸ਼ਕਲਾਂ ਦੇ ਹੱਲ ਕਰਨ ਲਈ ਵਚਨਬੱਧ ਹੈ, ਜੇਕਰ ਕਿਸਾਨਾਂ ਨੂੰ ਡੀ.ਏ.ਪੀ ਖਾਦ ਲੈਣ ਸਮੇਂ ਖਾਦ ਵਿਕਰੇਤਾ ਵੱਲੋਂ ਹੋਰ ਸਾਮਾਨ ਦਿੱਤਾ ਜਾਂਦਾ ਹੈ, ਮੁੱਲ ਜ਼ਿਆਦਾ ਵਸੂਲਿਆ ਜਾ ਰਿਹਾ ਹੈ ਜਾ ਫੇਰ ਖਰੀਦੇ ਸਾਮਾਨ ਦਾ ਬਿੱਲ ਨਹੀਂ ਦਿੱਤਾ ਜਾਂਦਾ ਤਾਂ ਕਿਸਾਨ ਇਸ ਦੀ ਸੂਚਨਾ ਤੁਰੰਤ ਖੇਤੀਬਾੜੀ ਵਿਭਾਗ ਨੂੰ ਦੇਣ ਤਾਂ ਜੋ ਅਜਿਹੇ ਖਾਦ ਵਿਕਰੇਤਾਵਾਂ ਖਿਲਾਫ਼ ਕਾਰਵਾਈ ਕੀਤੀ ਜਾ ਸਕੇ।ਖੇਤੀਬਾੜੀ ਵਿਕਾਸ ਅਫ਼ਸਰ ਡਾ ਰਾਕੇਸ ਨੇ ਕਿਹਾ ਕਿ ਜਿਲੇ ਅੰਦਰ ਡੀ.ਏ.ਪੀ ਖਾਦ ਦੇ ਨਾਲ ਬਦਲਵੀਆਂ ਫਾਸਫੇਟਿਕ ਖਾਦਾਂ ਜਿਵੇਂ ਕਿ ਸਿੰਗਲ ਸੁਪਰ ਫਾਸਫੇਟ, ੧੨:੩੨:੧੬ ਅਤੇ ਟ੍ਰਿਪਲ ਸੁਪਰ ਫਾਸਫੇਟ ਵੀ ਮੁਹਾਈਆ ਕਰਵਾਈਆਂ ਜਾ ਰਹੀਆਂ ਹਨ ਤਾਂ ਜੋ ਕਿਸਾਨਾਂ ਨੂੰ ਕਣਕ ਦੀ ਬਿਜਾਈ ਸਮੇਂ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਪੇਸ਼ ਨਾ ਆਵੇ।

# ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਪਿੰਡ ਜਾਂਦਲਾ ਵਿਖੇ 14 ਕਰੋੜ 60 ਲੱਖ ਰੁਪਏ ਦੀ ਲਾਗਤ ਨਾਲ ਬਣੇ ਪੁੱਲ ਦਾ ਕੀਤਾ ਉਦਘਾਟਨ

ਪੰਜਾਬ ਦਾ ਖੁਲਾਸਾ



### ਆਉਣ ਵਾਲੇ ਦਿਨਾਂ 'ਚ ਹਲਕੇ ਵਿੱਚ ਕਰੋੜਾਂ ਰੁਪਏ ਦੇ ਵਿਕਾਸ ਕਾਰਜ ਹੋਣਗੇ ਸ਼ੁਰੂ - ਹਰਜੋਤ ਸਿੰਘ ਬੈਂਸ

### ਨੰਗਲ ਫਲਾਈਵਰ ਬਣਨ ਤੋਂ ਬਾਅਦ ਸ਼ਹਿਰ ਵਿੱਚ ਵਧਿਆ ਰੋਜਗਾਰ,ਤਿਉਹਾਰਾਂ ਦੇ ਸੀਜਨ ਦੋਰਾਨ ਲੱਗੀਆਂ ਰੋਣਕਾਂ - ਕੈਬਨਿਟ ਮੰਤਰੀ

**ਨੰਗਲ / ਸ਼੍ਰੀ ਅਨੰਦਪੁਰ ਸਾਹਿਬ 10 ਨਵੰਬਰ (ਕੰਵਲ ਜੋਤ ਸਿੰਘ)**- ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਅੱਜ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਅਧੀਨ ਆਉਂਦੇ ਪਿੰਡ ਜਾਂਦਲਾ ਵਿਖੇ ਨਹਿਰ ਤੇ 14 ਕਰੋੜ 60 ਲੱਖ ਰੁਪਏ ਦੀ ਲਾਗਤ ਨਾਲ ਬਣੇ ਹਾਈ ਲੈਵਲ ਸਟੀਲ ਲੈੱਸ ਪੁੱਲਾਂ ਨੂੰ ਲੋਕ ਅਰਪਣ ਕੀਤਾ।ਇਸ ਮੌਕੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਲੋਕਾਂ ਨੂੰ ਸੰਬੋਧਨ ਹੁੰਦਿਆਂ ਦੱਸਿਆ ਕਿ ਇਸ ਪੁੱਲ ਦੇ ਬਣਨ ਨਾਲ ਪਿੰਡ ਜਾਂਦਲਾ ਸਮੇਤ ਨਾਲ ਲੱਗਦੇ ਦਰਜਨਾਂ ਪਿੰਡਾਂ ਦੇ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ।ਉਨਾਂ ਕਿਹਾ ਕਿ ਹਿਮਾਚਲ ਪ੍ਰਦੇਸ਼ ਜਾਣ ਲਈ ਵੀ ਇਹ ਪੁੱਲ ਅਹਿਮ ਰੋਲ ਅਦਾ ਕਰਦਾ ਹੈ।ਕੈਬਨਿਟ ਮੰਤਰੀ ਨੇ ਕਿਹਾ ਕਿ ਉਨਾਂ ਵੱਲੋਂ ਜੋ ਵਾਅਦੇ ਲੋਕਾਂ ਨਾਲ ਕੀਤੇ ਗਏ ਸਨ ਸਮਾਂ ਰਹਿੰਦਿਆਂ ਉਨਾਂ ਸਭ ਵਾਅਦਿਆਂ ਨੂੰ ਪੂਰਾ ਕੀਤਾ ਜਾ ਰਿਹਾ ਹੈ।ਉਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਕੰਮ ਦੀ ਰਾਜਨੀਤੀ ਕਰਦੀ ਹੈ ਤੇ ਹਮੇਸ਼ਾ ਕਰਦੀ ਰਹੇਗੀ।ਉਨਾਂ ਕਿਹਾ ਕਿ ਬੀਤੇ ਸਮੇਂ ਦੋਰਾਨ ਪੰਜਾਬ ਵਿਧਾਨ ਸਭਾ ਵਿੱਚ ਸੂਬੇ ਦੇ ਵਿੱਤ ਮੰਤਰੀ ਸ੍ਰ:ਹਰਪਾਲ ਸਿੰਘ ਚੀਮਾ ਵੱਲੋਂ ਬੇਲਿਆਂ ਦੇ ਪਿੰਡਾਂ ਵਿੱਚ ਪੁੱਲਾਂ ਦੀ ਉਸਾਰੀ ਲਈ 100 ਕਰੋੜ ਰੁਪਏ ਦੀ ਤਜਵੀਜ ਰੱਖੀ ਗਈ ਸੀ ਜਿਸ ਤੋਂ ਬਾਅਦ ਹੁਣ ਜਲਦ ਹੀ ਬੇਲਿਆਂ ਵਿੱਚ ਪੁੱਲਾਂ ਦੀ ਉਸਾਰੀ ਦਾ ਕੰਮ ਸ਼ੁਰੂ ਹੋਣ ਜਾ ਰਿਹਾ ਹੈ ਜਿਸ ਨਾਲ ਬੇਲਿਆਂ ਦੇ ਪਿੰਡਾਂ ਦੇ ਵਸਨੀਕਾਂ ਦੀ ਦਹਾਕਿਆਂ ਪੁਰਾਣੀ ਮੰਗ ਪੂਰੀ ਹੋਵੇਗੀ।ਕੈਬਨਿਟ ਮੰਤਰੀ ਨੇ ਕਿਹਾ ਕਿ ਬੇਲਿਆਂ ਵਿੱਚ ਪੁੱਲ ਬਣਨ ਤੋਂ ਬਾਅਦ ਪਿੰਡ ਜਾਂਦਲਾ ਤੋਂ ਬੇਲਿਆਂ ਤੱਕ ਜਾਣ ਦਾ ਰਾਹ ਸਿਰਫ ਕੁੱਝ ਕੁ ਮਿੰਟ ਦਾ ਹੀ ਰਹਿ ਜਾਵੇਗਾ ਜਿਸ ਨਾਲ ਰਾਹਗੀਰਾਂ ਦੀ ਸਮੇਂ ਦੀ ਬਚਤ ਹੋਵੇਗੀ।

ਕੈਬਨਿਟ ਮੰਤਰੀ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਦੋਰਾਨ ਉਨਾਂ ਵੱਲੋਂ ਚੰਗਰ ਵਾਸੀਆਂ ਨਾਲ ਵਾਅਦਾ ਕੀਤਾ ਗਿਆ ਸੀ ਕਿ ਚੋਣਾਂ ਜਿੱਤਣ ਤੋਂ ਬਾਅਦ ਉਹ ਚੰਗਰ ਵਾਸੀਆਂ ਦੀ ਦਹਾਕਿਆਂ ਪੁਰਾਣੀ ਪਾਣੀ ਦੀ ਸਮੱਸਿਆ ਦਾ ਹਰ ਹਾਲਾਤ ਵਿੱਚ ਹੱਲ ਕਰਨਗੇ ਜਿਸ ਤੋਂ ਬਾਅਦ ਵਿਧਾਨ ਸਭਾ ਵਿੱਚ 80 ਕਰੋੜ ਰੁਪਏ ਦਾ ਪ੍ਰੋਜੈਕਟ ਪੇਸ਼ ਕੀਤਾ ਗਿਆ ਤੇ ਹੁਣ ਸਾਰੀ ਕਾਗਜੀ ਕਾਰਵਾਈ ਮੁਕੰਮਲ ਕਰਨ ਉਪਰੰਤ ਜਲਦ ਉਸ ਪ੍ਰੋਜੈਕਟ ਦਾ ਵੀ ਨੀਂਹ ਪੱਥਰ ਰੱਖ ਦਿੱਤਾ ਜਾਵੇਗਾ ਜਿਸ ਨਾਲ ਚੰਗਰ ਵਾਸੀਆਂ ਦੀ ਵੱਡੀ ਮੰਗ ਪੂਰੀ ਹੋਵੇਗੀ।ਉਨਾਂ ਕਿਹਾ ਕਿ ਹੁਣ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਵਿੱਚ ਵਿਕਾਸ ਦੀ ਹਨੇਰੀ ਚੱਲ ਰਹੀ ਹੈ ਜਿੱਥੇ ਵੱਡੇ ਵੱਡੇ ਪ੍ਰੋਜੈਕਟ ਸ਼ੁਰੂ ਕਰਵਾਏ ਗਏ ਹਨ ਉੱਥੇ ਹੀ ਕਈ ਪ੍ਰੋਜੈਕਟ ਜਲਦ ਮੁਕੰਮਲ ਹੋਣ ਵਾਲੇ ਹਨ। ਕੈਬਨਿਟ ਮੰਤਰੀ ਨੇ ਕਿਹਾ ਕਿ ਨੰਗਲ ਫਲਾਈ ?ਵਰ ਦਾ ਕੰਮ ਪੂਰਾ ਨਾ ਹੋਣ ਕਾਰਨ ਸ਼ਹਿਰ ਵਾਸੀਆਂ ਵਿੱਚ ਪਿਛਲੇ ਲੰਮੇ ਸਮੇਂ ਤੋਂ ਮਾਯੂਸੀ ਛਾਈ ਹੋਈ ਸੀ ਅਤੇ ਰੋਜਗਾਰ ਬੰਦ ਹੋਣ ਦੀ ਕਗਾਰ ਤੇ ਸੀ ਪ੍ਰੰਤੂ ਸਾਡੀ ਸਰਕਾਰ ਬਣਦੇ ਸਾਰ ਹੀ ਸਭ ਤੋਂ ਪਹਿਲਾਂ ਦਿਨ ਰਾਤ ਇੱਕ ਕਰਕੇ ਨੰਗਲ ਫਲਾਈ ?ਵਰ ਦਾ ਕੰਮ ਪੂਰਾ ਕਰਵਾਇਆ ਗਿਆ ਜਿਸ ਤੋਂ ਬਾਅਦ ਨੰਗਲ ਸ਼ਹਿਰ ਵਿੱਚ ਮੁੜ ਰੋਣਕਾਂ ਪਰਤ ਆਈਆਂ ।ਉਨਾਂ ਕਿਹਾ ਕਿ ਕਰੋੜਾਂ ਰੁਪਏ ਦੀ ਲਾਗਤ ਨਾਲ ਕੀਰਤਪੁਰ ਸਾਹਿਬ ਵਿੱਚ ਸਕੂਲ ਆਫ ਐਮੀਨੈਂਸ,ਸ਼੍ਰੀ ਅਨੰਦਪੁਰ ਸਾਹਿਬ ਵਿੱਚ ਸਰਕਾਰੀ ਕੰਨਿਆ ਸਕੂਲ ਅਤੇ ਨੰਗਲ ਦੇ ਲੜਕੇ ਅਤੇ ਲੜਕੀਆਂ ਦੇ ਸਕੂਲ ਆਫ ਐਮੀਨੈਂਸ ਦੇ ਨਵੀਨੀਕਰਨ ਦਾ ਕੰਮ ਜੰਗ ਪੱਧਰ ਤੇ ਜਾਰੀ ਹੈ।ਉਨਾਂ ਕਿਹਾ ਸ਼੍ਰੀ ਅਨੰਦਪੁਰ ਸਾਹਿਬ ਦੇ ਆਦਰਸ਼ ਸਕੂਲ ਵਿੱਚ ਅਤਿ ਆਧੁਨਿਕ ਤਕਨੀਕਾਂ ਨਾਲ ਲੈਸ ਸ਼ੂਟਿੰਗ ਰੇਂਜ ਬਣ ਰਹੀ ਹੈ ਉੱਥੇ ਹੀ ਨੰਗਲ ਦੇ ਸਕੂਲ ਆਫ ਐਮੀਨੈਂਸ ਵਿੱਚ ਕਰੋੜਾਂ ਰੁਪਏ ਦੀ ਲਾਗਤ ਨਾਲ ਸਵੀਮਿੰਗ ਪੂਲ ਬਣਾਇਆ ਜਾ ਰਿਹਾ ਹੈ।ਉਨਾਂ ਕਿਹਾ ਕਿ ਕੀਰਤਪੁਰ ਸਾਹਿਬ ਅਤੇ ਪਿੰਡ ਥਲੂਹ ਵਿਖੇ ਬਣੇ ਪੁੱਲਾਂ ਨੂੰ ਵੀ ਜਲਦ ਲੋਕ ਅਰਪਣ ਕਰ ਦਿੱਤਾ ਜਾਵੇਗਾ।ਕੈਬਨਿਟ ਮੰਤਰੀ ਨੇ ਕਿਹਾ ਕਿ ਦਹਾਕਿਆਂ ਤੋਂ ਖਸਤਾ ਹਾਲਾਤ ਵਿੱਚ ਪਈ ਨਹਿਰ ਦੀ ਪਟੜੀ ਦੀ ਮੁਰੰਮਤ ਪਹਿਲ ਦੇ ਆਧਾਰ ਤੇ ਕਰਵਾਈ ਗਈ ਤਾਂ ਜੋ ਨਹਿਰਾਂ ਦੇ ਨੇੜੇ ਵੱਸਦੇ ਦਰਜਨਾਂ ਪਿੰਡਾਂ ਨੂੰ ਮੁਸ਼ਕਿਲ ਦਾ ਸਾਹਮਣਾ ਨਾ ਕਰਵਾ ਪਵੇ।ਉਨਾਂ ਕਿਹਾ ਕਿ ਸ਼੍ਰੀ ਅਨੰਦਪੁਰ ਸਾਹਿਬ ਦੀ ਪਾਵਨ ਪਵਿੱਤਰ ਧਰਤੀ ਦਾ ਸਰਬਪੱਖੀ ਵਿਕਾਸ ਕਰਵਾਉਣਾ ਹੀ ਉਨਾਂ ਦਾ ਇੱਕੋ ਇੱਕੋ ਸੁਪਨਾ ਹੈ ਤੇ ਉਹ ਉਸ ਸੁਪਨੇ ਨੂੰ ਪੂਰਾ ਕਰਨ ਲਈ ਦਿਨ ਰਾਤ ਇੱਕ ਕਰਕੇ ਮਿਹਨਤ ਕਰ ਰਹੇ ਹਨ।

ਜਿਕਰਯੋਗ ਹੈ ਕਿ ਪਿੰਡ ਜਾਂਦਲਾ ਵਿਖੇ ਪੁੱਲ ਬਣਨ ਤੋਂ ਪਹਿਲਾਂ ਰਾਹਗੀਰਾਂ ਨੂੰ ਆਵਾਜਾਈ ਵਿੱਚ ਕਾਫੀ ਦਿੱਕਤ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਸੀ ਪ੍ਰੰਤੂ ਹੁਣ ਲੋਕਾਂ ਨੂੰ ਪੁੱਲ ਬਣਨ ਨਾਲ ਵੱਡੀ ਰਾਹਤ ਮਿਲੇਗੀ।ਇਸ ਪੁੱਲ ਦੇ ਬਣਨ ਨਾਲ ਪਿੰਡ ਜਾਂਦਲਾ ਅੱਪਰ, ਜਾਂਦਲਾ ਲੋਅਰ, ਦਬਖੇੜਾ ,ਅਜੋਲੀ, ਦੜੋਲੀ ਅੱਪਰ,ਸੋਹਾਨ ਮੰਗਲੂਰ,ਬ੍ਰਹਮਪੁਰ ਸਮੇਤ ਦਰਜਨਾਂ ਪਿੰਡਾਂ ਦੇ ਵਸਨੀਕਾਂ ਦੀ ਆਵਾਜਾਈ ਦੀ ਸਮੱਸਿਆ ਹੱਲ ਹੋਈ ਹੈ ਉੱਥੇ ਹੀ ਇਸ ਪੁੱਲ ਬਣਨ ਨਾਲ ਪ੍ਰਾਚੀਨ ਕਾਲੇਸ਼ਵਰ ਮਹਾਂਦੇਵ ਮੰਦਰ (ਨੰਗਲੀ) ਅਤੇ ਹਿਮਾਚਲ ਪ੍ਰਦੇਸ਼ ਸਰਹੱਦ ਦੇ ਨਾਲ ਲੱਗਦੇ ਦਰਜਨਾਂ ਪਿੰਡਾਂ ਦੇ ਵਸਨੀਕਾਂ ਲਈ ਵੀ ਆਵਾਜਾਈ ਆਸਾਨ ਹੋ ਜਾਵੇਗੀ।

ਇਸ ਮੌਕੇ ਬਲਾਕ ਪ੍ਰਧਾਨ ਦੀਪਕ ਸੋਨੀ,ਐਸ.ਡੀ.ਓ ਗੁਰਵਿੰਦਰ ਸਿੰਘ,ਸਰਪੰਚ ਸ਼ਿਵਾਨੀ,ਪੰਚ ਮਨਪ੍ਰੀਤ ਸੈਣੀ ਜੱਸੀ,ਬੂਥ ਇੰਚਾਰਜ ਰਿੰਕੂ,ਬੂਥ ਇੰਚਾਰਜ ਭਾਲੋਵਾਲ ਵਿਕਾਸ,ਬੂਥ ਇੰਚਾਰਜ ਜਾਂਦਲਾ ਅੱਪਰ ਰਾਕੇਸ਼ ਕਾਲਾ,ਸਰਪੰਚ ਗਿਆਨ ਪ੍ਰਵੇਸ਼,ਸਰਪੰਚ ਜਸਪਾਲ ਸਿੰਘ ਢਾਹੇ,ਸਰਪੰਚ ਤਿਲਕ ਰਾਜ,ਸਰਪੰਚ ਸ਼ਿਵ ਕੁਮਾਰ,ਸਰਪੰਚ ਲੱਕੀ ਕਪਿਲਾ,ਸਰਪੰਚ ਪਰਮਜੀਤ ਪੱਪੂ,ਸਰਪੰਚ ਭਾਗ ਸਿੰਘ,ਮੰਗਲ ਸੈਣੀ ਕਲਿੱਤਰਾਂ ,ਇੰਜ:ਜਸਪ੍ਰੀਤ ਸਿੰਘ ਜੇ.ਪੀ,ਰਾਜ ਕੁਮਾਰ ਦੜੋਲੀ,ਚੈਅਰਮੇਨ ਸੁੱਚਾ ਸਿੰਘ,ਪੰਚ ਸੁਮਨ ਲਤਾ,ਪੰਚ ਜੋਤੀ ਸ਼ਰਮਾ,ਪੰਚ ਸੋਮਾ ਸ਼ੁਕਲਾ,ਪੰਚ ਸੁਨੀਲ ਸ਼ੁਕਲਾ,ਬਚਿੱਤਰ ਸਿੰਘ ਬੈਂਸ,ਅਸੋਕ ਕੁਮਾਰ ਜਾਂਦਲਾ,ਜਗਮੀਤ ਸਿੰਘ ਜੱਗਾ,ਜਗਮੋਹਨ ਨੱਡਾ ਨੰਗਲੀ,ਬਿੰਦਰ ਗੱਗ, ਮਨੁ ਪੁਰੀ,ਬਿੱਲਾ ਜਾਂਦਲਾ,ਪਰਮਜੀਤ ਜਾਂਦਲਾ ,ਰਜੀਵ ਧੀਮਾਨ,ਸੰਦੀਪ ਧੀਮਾਨ,ਨਿਰਮਲ ਸਿੰਘ ਸੂਰੇਵਾਲ,ਨਿਖਲ ਤੇ ਵੱਡੀ ਗਿਣਤੀ ਵਿੱਚ ਲੋਕ ਹਾਜਰ ਸਨ

ਸ੍ਰੀ ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ

# 24ਵੀਂ ਮਹਾਨ ਪੈਦਲ ਯਾਤਰਾ ਸਜਾਈ ਗਈ

## ਬੋਲੇ ਸੋ ਨਿਹਾਲ ਦੇ ਜੈਕਾਰਿਆਂ, ਫੁੱਲਾਂ ਦੀ ਵਰਖਾ ਤੇ ਅਟੁੱਟ ਲੰਗਰਾਂ ਨਾਲ ਵੱਖ ਵੱਖ ਥਾਵਾਂ ਤੇ ਭਰਵਾਂ ਸਵਾਗਤ

ਪੰਜਾਬ ਦਾ ਖੁਲਾਸਾ

**ਕਪੂਰਥਲਾ, 10 ਨਵੰਬਰ (ਕੌੜਾ)-** ਸ੍ਰੀ ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਦਸਮੇਸ਼ ਸੇਵਕ ਦੇ ਜਥੇ ਵਲੋਂ ਧਾਰਮਿਕ ਜਥੇਬੰਦੀਆਂ ਤੇ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਸਟੇਟ ਗੁਰਦੁਆਰਾ ਸਾਹਿਬ ਕਪੂਰਥਲਾ ਤੋਂ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਲਈ 24ਵੀਂ ਮਹਾਨ ਪੈਦਲ ਯਾਤਰਾ ਸਜਾਈ ਗਈ ? ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਤੇ ਪੰਜ ਪਿਆਰੇ ਸਾਹਿਬਾਨ ਦੀ ਅਗਵਾਈ ਹੇਠ ਸਵੇਰੇ ਕਰੀਬ 5 ਵਜੇ ਸਟੇਟ ਗੁਰਦੁਆਰਾ ਸਾਹਿਬ ਤੋਂ ਜੈਕਾਰਿਆਂ ਦੀ ਗੂੰਜ ਵਿਚ ਯਾਤਰਾ ਦੀ ਆਰੰਭਤਾ ਹੋਈ ? ਦੇਸ਼ਾਂ ਵਿਦੇਸ਼ਾਂ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਇਸ ਪੈਦਲ ਯਾਤਰਾ ਵਿਚ ਸ਼ਿਰਕਤ ਕੀਤੀ ? ਜਥੇਦਾਰ ਰਸ਼ਪਾਲ ਸਿੰਘ ਦੇ ਉੱਦਮ ਸਦਕਾ ਹਰ ਸਾਲ ਸਜਾਈ ਜਾਂਦੀ ਇਸ ਪੈਦਲ ਯਾਤਰਾ ਦੌਰਾਨ ਜਿੱਥੇ ਬੈਂਡ ਵਾਜੇ ਇਸਦੀ ਰੌਣਕ ਨੂੰ ਵਧਾ ਰਹੇ ਸਨ। ਉੱਥੇ ਨਾਲ ਹੀ ਸ਼ਹੀਦ ਬਾਬਾ ਦੀਪ ਸਿੰਘ ਗਤਕਾ ਅਖਾੜਾ ਦੇ ਨੌਜਵਾਨਾਂ ਨੇ ਸੰਗਤਾਂ ਨੂੰ ਗਤਕੇ ਦੇ ਜੌਹਰ ਦਿਖਾਏ ? ਯਾਤਰਾ ਦੀ ਆਰੰਭਤਾ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਜਰਨੈਲ ਸਿੰਘ ਡੋਗਰਾਂਵਾਲਾ, ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਗੁਰਪ੍ਰੀਤ ਕੌਰ ਤੇ ਹੋਰ ਆਗੂਆਂ ਨੇ ਪੰਜ ਪਿਆਰੇ ਸਾਹਿਬਾਨ ਨੂੰ ਸਿਰੋਪਾਓ ਭੇਟ ਕੀਤੇ ? ਗੁਰਦੁਆਰਾ ਸਾਹਿਬ ਤੋਂ ਆਰੰਭ ਹੋ ਕੇ ਇਹ ਯਾਤਰਾ ਸ਼ੇਖੂਪੁਰ, ਬਰਿੰਦਪੁਰ, ਰੇਲ ਕੋਚ ਫ਼ੈਕਟਰੀ, ਹੁਸੈਨਪੁਰ, ਖੈੜਾ ਦੋਨਾ, ਕੜਾਲ ਕਲਾਂ, ਭਾਣੋ ਲੰਗਾ, ਪਾਜੀਆਂ, ਡਡਵਿੰਡੀ, ਜੈਨਪੁਰ, ਫੌਜੀ ਕਲੋਨੀ ਤੋਂ ਹੁੰਦੀ ਹੋਈ ਦੇਰ ਸ਼ਾਮ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਪਹੁੰਚ ਕੇ ਸਮਾਪਤ ਹੋਈ ? ਰਸਤੇ ਵਿਚ ਵੱਖ-ਵੱਖ ਪਿੰਡਾਂ ਤੇ ਗੁਰਦੁਆਰਾ ਕਮੇਟੀਆਂ ਵਲੋਂ ਲੰਗਰ ਲਗਾਕੇ ਤੇ ਫੁੱਲਾਂ ਦੀ ਵਰਖਾ ਕਰਕੇ ਯਾਤਰਾ ਦਾ ਨਿੱਘਾ ਸਵਾਗਤ ਕੀਤਾ ਗਿਆ ਤੇ ਪ੍ਰਬੰਧਕਾਂ ਨੂੰ ਸਿਰੋਪਾਓ ਵੀ ਭੇਟ ਕੀਤੇ ਗਏ ? ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਨੂੰ ਬਹੁਤ ਹੀ ਆਕਰਸ਼ਿਕ ਫੁੱਲਾਂ ਨਾਲ ਸਜਾਇਆ ਗਿਆ ਸੀ ਤੇ ਪਾਲਕੀ ਦੇ ਪਿੱਛੇ ਸ਼ਬਦ ਚੌਂਕੀ ਜਥੇ ਦੇ ਨਾਲ ਸੰਗਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਦਾ ਗੁਣਗਾਨ ਕਰ ਰਹੀਆਂ ਸਨ ? ਸਿਟੀ ਸੇਵਾ ਸੁਸਾਇਟੀ ਵਲੋਂ ਲੋੜਵੰਦ ਸੰਗਤਾਂ ਦੀ ਮਦਦ ਲਈ ਮੁਫ਼ਤ ਮੈਡੀਕਲ ਕੈਂਪ ਵੀ ਲਗਾਇਆ ਗਿਆ ਤੇ ਇਹ ਵੈਨ ਯਾਤਰਾ ਦੇ ਨਾਲ-ਨਾਲ ਗੁਰਦੁਆਰਾ ਸ੍ਰੀ ਬੇਰ ਸਾਹਿਬ ਤੱਕ ਪਹੁੰਚੀ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਜਰਨੈਲ ਸਿੰਘ ਡੋਗਰਾਂਵਾਲਾ, ਬੀਬੀ ਗੁਰਪ੍ਰੀਤ ਕੌਰ, ਰਸ਼ਪਾਲ ਸਿੰਘ ਸਿਟੀ ਕੇਬਲ, ਜਥੇਦਾਰ ਜਸਵਿੰਦਰ ਸਿੰਘ ਬਤਰਾ, ਜਸਬੀਰ ਸਿੰਘ ਰਾਣਾ, ਮਨਮੋਹਨ ਸਿੰਘ, ਸਵਰਨ ਸਿੰਘ, ਦਵਿੰਦਰ ਸਿੰਘ ਦੇਵ, ਪਰਮਿੰਦਰ ਸਿੰਘ ਹੈਪੀ, ਮਨਪ੍ਰੀਤ ਸਿੰਘ ਮਨੀ, ਜਸਪਾਲ ਸਿੰਘ ਖੁਰਾਨਾ, ਸੁਖਵਿੰਦਰ ਮੋਹਨ ਸਿੰਘ ਭਾਟੀਆ, ਟਰੈਫ਼ਿਕ ਇੰਚਾਰਜ ਦਰਸ਼ਨ ਸਿੰਘ, ਭਾਈ ਸਤਨਾਮ ਸਿੰਘ, ਭਾਈ ਮੋਹਕਮ ਸਿੰਘ, ਰਮਨਦੀਪ ਸਿੰਘ, ਸੁਰਜੀਤ ਸਿੰਘ ਸਡਾਨਾ, ਗੁਰਪ੍ਰੀਤ ਸਿੰਘ ਬੱਬਲੂ, ਗੁਰਬਚਨ ਸਿੰਘ ਖਾਲਸਾ , ਪਰਮਿੰਦਰ ਸਿੰਘ ਖਾਲਸਾ, ਸੁਖਬੀਰ ਸਿੰਘ ਖਾਲਸਾ ਐੱਮ ਡੀ ਖਾਲਸਾ ਮਾਰਬਲ ਹਾਊਸ ਆਰ ਸੀ ਐੱਫ ,ਤੇ ਜਥੇਦਾਰ ਭੁਪਿੰਦਰ ਸਿੰਘ ਖਾਲਸਾ,ਦਿਲ ਮੋਹਿਤ ਸਿੰਘ ਖਾਲਸਾ,ਆਗਿਆਪਾਲ ਸਿੰਘ, ਪ੍ਰੀਤਪਾਲ ਸਿੰਘ ਸੋਨੂੰ, ਗੁਰਪ੍ਰੀਤ ਸਿੰਘ ਸੋਨਾ, ਸੁਖਰਾਜ ਸਿੰਘ, ਜੋਧ ਸਿੰਘ, ਲਖਬੀਰ ਸਿੰਘ, ਸੁਰਿੰਦਰਪਾਲ ਸਿੰਘ, ਸੁਰਜੀਤ ਸਿੰਘ ਵਿੱਕੀ, ਪਰਮਜੀਤ ਸਿੰਘ ਸ਼ੇਖੂਪੁਰ, ਕੁਲਦੀਪ ਸਿੰਘ, ਜਸਬੀਰ ਸਿੰਘ ਸੰਧੂ, ਜਸਕਰਨ ਸਿੰਘ, ਰੋਸ਼ਨ ਖੈੜਾ, ਗੁਰਮੇਜ ਸਿੰਘ, ਬਲਜਿੰਦਰ ਕੌਰ ਧੰਜਲ, ਸਵਰਨ ਸਿੰਘ, ਸਿਮਰਨਪ੍ਰੀਤ ਸਿੰਘ, ਹਰਪ੍ਰੀਤ ਸਿੰਘ, ਹਰਦਿਆਲ ਸਿੰਘ ਝੀਤਾ, ਰਾਜਦੀਪ ਸਿੰਘ, ਹੈਪੀ, ਇੰਦਰਬੀਰ ਸਿੰਘ ਢੋਟ, ਗੁਰਪ੍ਰੀਤ ਸਿੰਘ ਬੰਟੀ ਵਾਲੀਆ, ਅਮਰਜੀਤ ਸਿੰਘ ਥਿੰਦ, ਬਲਵਿੰਦਰ ਸਿੰਘ, ਜਸਬੀਰ ਸਿੰਘ, ਅਮਰੀਕ ਸਿੰਘ, ਭੁਪਿੰਦਰ ਸਿੰਘ ਤੇ ਹੋਰ ਸੰਗਤਾਂ ਵੱਡੀ ਗਿਣਤੀ ਵਿਚ ਹਾਜ਼ਰ ਸਨ ।





## ਦੋ ਰੋਜ਼ਾ ਵੋਟ ਬਣਾਉਣ ਦੇ ਕੈਂਪ ਦੌਰਾਨ ਵੱਖ ਵੱਖ ਵਰਗ ਦੇ ਲੋਕਾਂ ਨੇ ਉਠਾਇਆ ਲਾਭ

ਪੰਜਾਬ ਦਾ ਖੁਲਾਸਾ

**ਫਗਵਾੜਾ 10 ਨਵੰਬਰ ( ਪ੍ਰੀਤ ਕੌਰ ਪ੍ਰੀਤੀ)** ਉਪ ਮੰਡਲ ਮੈਜਿਸਟਰੇਟ ਕਮ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ ਫਗਵਾੜਾ 29 ਚੋਣ ਅਫ਼ਸਰ ਜਸ਼ਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅੱਜ ਵਿਧਾਨ ਸਭਾ ਚੋਣ ਹਲਕਾ ਫਗਵਾੜਾ ਵਿੱਚ ਸਾਰੇ ਪੋਲਿੰਗ ਬੂਥਾਂ 'ਤੇ 9 ਨਵੰਬਰ (ਸ਼ਨੀਵਾਰ), 10 ਨਵੰਬਰ, 23 ਨਵੰਬਰ (ਸ਼ਨੀਵਾਰ) ਤੇ 24 ਨਵੰਬਰ (ਐਤਵਾਰ) ਨੂੰ ਦੋ ਰੋਜ਼ਾ ਵਿਸ਼ੇਸ਼ ਕੈਂਪ ਲਗਾਏ ਗਏ ਇਨਾਂ ਕੈਂਪਾਂ ਵਿੱਚ ਬੂਥ ਲੈਵਲ ਅਫ਼ਸਰਾਂ ਵਲੋਂ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਆਪੋ ਆਪਣੇ ਬੂਥਾਂ 'ਤੇ ਰਹਿ ਕੇ ਦਾਅਵੇ ਤੇ ਇਤਰਾਜ਼ ਪ੍ਰਾਪਤ ਕੀਤੇ ਗਏ ਇਸ ਮੌਕੇ ਬੀ ਐਲ ? ਨੇ ਦੱਸਿਆ ਕਿ ਸਪੈਸ਼ਲ ਕੈਂਪ ਦੌਰਾਨ ਨਵੀਂ ਵੋਟ ਬਣਵਾਉਣ ਲਈ ਫਾਰਮ ਨੰ: 6, ਪ੍ਰਵਾਸੀ ਭਾਰਤੀਆਂ ਦੀ ਵੋਟ ਬਣਵਾਉਣ ਲਈ ਫਾਰਮ ਨੰ: 6-ਏ, ਵੋਟ ਕਟਵਾਉਣ ਲਈ ਫਾਰਮ ਨੰ: 7, ਵੋਟਰ ਵੇਰਵਿਆਂ ਵਿੱਚ ਸੋਧ ਕਰਾਉਣ, ਡੁਪਲੀਕੇਟ ਵੋਟਰ ਕਾਰਡ ਲੈਣ ਲਈ, ਰਿਹਾਇਸ਼ੀ ਪਤਾ ਬਦਲਣ ਲਈ ਅਤੇ ਪੀ.ਡਬਲਯੂ.ਡੀ. ਮਾਰਕ ਕਰਵਾਉਣ ਲਈ ਫਾਰਮ ਨੰ: 8 ਭਰ ਕੇ ਦਿੱਤੇ ਜਾ ਸਕਦੇ ਹਨ ਉਨਾਂ ਦੱਸਿਆ ਕਿ ਇਹ ਫਾਰਮ ਪੋਰਟਲ ਜਾਂ ਮੋਬਾਇਲ ਐਪ ਵੋਟਰ ਹੈਲਪਲਾਇਨ 'ਤੇ ਵੀ ਅਪਲਾਈ ਕੀਤੇ ਜਾ ਸਕਦੇ ਹਨ ਕਿਸੇ ਵੀ ਕਿਸਮ ਦੀ ਵਧੇਰੇ ਜਾਣਕਾਰੀ ਲਈ ਟੌਲ ਫਰੀ ਨੰਬਰ 1950 'ਤੇ ਦਫਤਰੀ ਸਮੇ ਦੌਰਾਨ ਸੰਪਰਕ ਕੀਤਾ ਜਾ ਸਕਦਾ ਹੈ ਜੇਕਰ ਕਿਸੇ ਦੀ ਵੋਟ ਬਣਨੀ ਰਹਿ ਗਈ ਹੈ ਤਾਂ ਉਹ ਅਪਣੇ ਇਲਾਕੇ ਦੇ ਬੀ ਐਲ ? ਨਾਲ ਸੰਪਰਕ ਕਰ ਸਕਦੇ ਹਨ ਅੱਜ ਇਸੇ ਲੜੀ ਤਹਿਤ ਨਵੀ ਵੋਟ ਬਣਾਉਣ ਦਾ ਕੈਂਪ ਰਾਮਗੜ੍ਹੀਆ ਸੀਨੀਅਰ ਸੈਕੰਡਰੀ ਸਕੂਲ ਸਤਨਾਮਪੁਰਾ ਵਿਖੇ ਲਗਾਇਆ ਗਿਆ ਇਸ ਮੌਕੇ ਤੇ ਸੁਖਵਿੰਦਰ ਕੁਮਾਰ ਬੀ ਐਲ ਬੂਥ ਨੰਬਰ 154 , ਰਣਵੀਰ ਸਿੰਘ ਬੀ ਐਲ ਬੂਥ ਨੰਬਰ 155 , ਹਰਸ਼ਵਰਧਨ ਬੀ ਐਲ ਬੂਥ ਨੰਬਰ 156 , ਸੁਖਵਿੰਦਰ ਸਿੰਘ ਬੀ ਐਲ ਬੂਥ ਨੰਬਰ 157 ਵਲੋਂ 20 ਤੋਂ ਵਧੇਰੇ ਵੋਟਾ ਬਣਾਉਣ ਦੇ ਕੰਮ ਨੂੰ ਨੇਪਰੇ ਚਾੜ੍ਹਿਆ ਗਿਆ।

## ਰੂਰਲ ਹਾਕੀ ਡਿਵੈਲਪਮੈਂਟ ਸੁਸਾਇਟੀ ਵੱਲੋਂ 10 ਵੀਂ ਕੈਪੀਟਲ ਸਮਾਲ ਫਾਈਨੈਂਸ ਬੈਂਕ ਪੇਂਡੂ ਹਾਕੀ ਲੀਗ ਦੇ ਦੂਜੇ ਪੜਾਅ ਦੇ ਮੈਚ ਕਰਵਾਏ ਗਏ

### ਸਾਬਕਾ ਸਰਪੰਚ ਪਿੰਡ ਸਰੀਂਹ ਗੁਰਮੁਖ ਸਿੰਘ ਬਤੌਰ ਮੁੱਖ ਮਹਿਮਾਨ ਵਜੋਂ ਪਹੁੰਚੇ, ਇਸ ਟੂਰਨਾਮੈਂਟ ਵਿੱਚ ਉਮਰ 14 ਸਾਲ ਅਤੇ 17 ਸਾਲ ਵਰਗ ਦੇ ਵੱਖ ਵੱਖ ਟੀਮਾਂ ਦੇ ਮੈਚ ਕਰਵਾਏ ਗਏ

ਪੰਜਾਬ ਦਾ ਖੁਲਾਸਾ

**ਫਗਵਾੜਾ 10 ਨਵੰਬਰ (ਪ੍ਰੀਤ ਕੌਰ ਪ੍ਰੀਤੀ)** ਜ਼ਿਲ੍ਹਾ ਜਲੰਧਰ ਦੇ ਅਧੀਨ ਆਉਂਦੇ ਪਿੰਡ ਸਰੀਂਹ ਵਿਖੇ ਰੂਰਲ ਹਾਕੀ ਡਿਵੈਲਪਮੈਂਟ ਸੁਸਾਇਟੀ ਵੱਲੋਂ 10 ਵੀਂ ਕੈਪੀਟਲ ਸਮਾਲ ਫਾਈਨੈਂਸ ਬੈਂਕ ਪੇਂਡੂ ਹਾਕੀ ਲੀਗ ਦੇ ਦੂਜੇ ਪੜਾਅ ਦੇ ਮੈਚ ਕਰਵਾਏ ਗਏ ਇਸ ਮੌਕੇ ਤੇ ਮੁੱਖ ਮਹਿਮਾਨ ਵਜੋਂ ਸਾਬਕਾ ਸਰਪੰਚ ਪਿੰਡ ਸਰੀਂਹ ਗੁਰਮੁਖ ਸਿੰਘ ਪਹੁੰਚੇ ਜਿਨ੍ਹਾਂ ਨੇ ਖਿਡਾਰੀਆਂ ਦੇ ਨਾਲ ਜਾਣ ਪਹਿਚਾਣ ਕਰਕੇ ਟੂਨਾਮੈਂਟ ਨੂੰ ਸ਼ੁਰੂ ਕਰਵਾਇਆ ਇਸ ਹਾਕੀ ਟੂਰਨਾਮੈਂਟ ਦੌਰਾਨ ਵੱਖ-ਵੱਖ ਪਿੰਡਾਂ ਦੀਆਂ ਟੀਮਾਂ ਨੇ ਸ਼ਮੂਲੀਅਤ ਕੀਤੀ ਇਸ ਟੂਰਨਾਮੈਂਟ ਵਿੱਚ ਉਮਰ 14 ਸਾਲ ਅਤੇ 17 ਸਾਲ ਵਰਗ ਦੇ ਵੱਖ ਵੱਖ ਟੀਮਾਂ ਦੇ ਮੈਚ ਕਰਵਾਏ ਗਏ ਸੁਸਾਇਟੀ ਦੇ ਮੈਂਬਰਾਂ ਵੱਲੋਂ ਆਏ ਹੋਏ ਮੁੱਖ ਮਹਿਮਾਨ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਆਏ ਹੋਏ ਮੁੱਖ ਮਹਿਮਾਨ ਪ੍ਰਬੰਧਕ ਕਮੇਟੀ ਦੇ ਮੈਂਬਰ ਸਾਹਿਬਾਨ ਅਤੇ ਪਿੰਡ ਸਰੀਂਹ ਦੇ ਮੋਹਤਵਾਰ ਵਿਅਕਤੀਆਂ ਵੱਲੋਂ ਸਾਂਝੇ ਤੌਰ ਤੇ ਕੀਤੀ ਇਸ ਮੌਕੇ ਤੇ ਪ੍ਰਧਾਨ ਹਰਭੁਪਿੰਦਰਜੀਤ ਸਿੰਘ ਸਮਰਾ ,ਵਾਈਸ ਪ੍ਰਧਾਨ ਭੁਪਿੰਦਰ ਸਿੰਘ ਖਾਲਸਾ ਮਨਜਿੰਦਰ ਸਿੰਘ ਜੰਡਿਆਲਾ, ਹਰਮੇਸ਼ ਲਾਲ ਸਕੱਤਰ, ਗਗਨਪ੍ਰੀਤ ਸਿੰਘ ਚਾਨੀਆ, ਪ੍ਰਭਪ੍ਰੀਤ ਕੌਰ ਸਮਰਾ,ਸੂਬੇਦਾਰ ਮੇਜਰ ਸੰਤੋਖ ਸਿੰਘ ਤੱਖਰ ,ਕੋਚ ਮੇਜਰ ਸਿੰਘ ਸਰੀਂਹ ਇਹਨਾਂ ਦੇ ਨਾਲ ਨਾਲ ਸੁਸਾਇਟੀ ਦੇ ਸਮੂਹ ਮੈਂਬਰ ਅਤੇ ਪਿੰਡ ਸਰੀਂਹ ਦੇ ਮੁਹਤਬਰ ਵਿਅਕਤੀ ਹਾਜਿਰ ਸਨ।





## ਸਾਬਕਾ ਫੌਜੀਆਂ ਤੇ ਡਿੱਪੂ ਹੋਲਡਰਾ ਨੇ ਕੀਤਾ ਸਾਂਝਾਂ ਰੋਸ ਪ੍ਰਦਰਸ਼ਨ

ਪੰਜਾਬ ਦਾ ਖੁਲਾਸਾ

**ਗਿੱਦੜਬਾਹਾ, 9 ਨਵੰਬਰ (ਲਖਵੀਰ ਸਿੰਘ ਧੂਲਕੋਟੀਆ)** -ਜਿਮਨੀ ਚੋਣ ਨੂੰ ਲੈਕੇ ਅਜ ਸਾਬਕਾ ਸੈਨਿਕ ਭਲਾਈ ਵਿੰਗ ਤੇ ਗਿੱਦੜਬਾਹਾ ਦੇ ਰਾਸ਼ਨ ਡਿੱਪੂ ਹੋਲਡਰਾਂ ਦੇ ਅਵਤਾਰ ਸਿੰਘ ਫਕਰਸਰ ਦੀ ਅਗਵਾਈ ਹੇਠ ਰੋਸ ਮਾਰਚ ਕੀਤਾ ਤੇ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜੀ ਕੀਤੀ। ਯੂਨੀਅਨ ਆਗੂਆਂ ਨੇ ਮੰਗ ਕੀਤੀ ਇੱਕ ਪੈਨਸ਼ਨ ਇੱਕ ਰੈਂਕ ਜਲਦੀ ਲਾਗੂ ਕੀਤੀ ਜਾਵੇ। ਇਸ ਮੌਕੇ ਡਿੱਪੂ ਹੋਲਡਰਾ ਵੱਲੋਂ ਦਸਿਆ ਕਿ ਪਹਿਲਾਂ ਸਰਕਾਰ 250 ਕਾਰਡਾਂ ਪਿੱਛੇ ਡਿੱਪੂ ਸੀ, ਅੱਜ 75 ਕਾਰਡਾਂ ਪਿੱਛੇ ਡਿੱਪੂ ਦੇ ਰਹੀ ਹੈ। ਉਨਾਂ ਡਿੱਪੂ ਹੋਲਡਰਾਂ ਦਾ ਬਣਦਾ ਕਮਿਸ਼ਨ ਵਧਾਉਣ ਦੀ ਮੰਗ ਕੀਤੀ। ਇਸ ਮੌਕੇ ਅਵਤਾਰ ਸਿੰਘ ਫੱਕਰਸਰ, ਸੁਖਵਿੰਦਰ ਸਿੰਘ, ਸੁਰਜੀਤ ਸਿੰਘ, ਰਾਣਾ ਜੀ ਮਲੋਟ, ਫੌਜੀ ਨੱਛਤਰ ਸਿੰਘ, ਕਮਲ ਵਰਮਾ, ਸੁਖਦੇਵ ਸਿੰਘ, ਸਿਕੰਦਰ ਸਿੰਘ, ਮਨਜੀਤ ਸਿੰਘ ਕੋਕਰੀ ਕਲਾਂ, ਪਾਲ ਸਿੰਘ, ਇਕਬਾਲ ਸਿੰਘ ਦੋਲਾ, ਗੁਰਪ੍ਰੀਤ ਸਿੰਘ ਖੋਖਰ, ਸਰਪੰਚ ਹਰਦੀਪ ਸਿੰਘ ਰੰਧਾਵਾ ਆਦਿ ਮੌਜੂਦ ਸਨ

## ਜਲੰਧਰ ਦੇ ਪੰਜ ਪੀਰ ਚੌਂਕ ਨਜ਼ਦੀਕ ਦੂਕਾਨ ਦੀ ਤੀਜੀ ਮੰਜ਼ਿਲ ਤੇ ਲੱਗੀ ਅੱਗ

ਪੰਜਾਬ ਦਾ ਖੁਲਾਸਾ

**ਜਲੰਧਰ 10 ਨਵੰਬਰ ( ਅਮ੍ਰਿਤਪਾਲ ਸਿੰਘ)** ਜਲੰਧਰ ਦੇ ਪੰਜ ਪੀਰ ਚੌਂਕ ਨੇੜੇ ਇੱਕ ਦੁਕਾਨ ਦੀ ਤੀਜੀ ਮੰਜ਼ਿਲ 'ਤੇ ਅੱਗ ਲੱਗ ਗਈ। ਸੂਚਨਾ ਤੋਂ ਬਾਅਦ ਫਾਇਰ ਬ੍ਰਿਗੇਡ ਦੀ ਟੀਮ ਨੇ ਘਟਨਾ ਸਥਾਨ 'ਤੇ ਪਹੁੰਚ ਕੇ ਅੱਗ ਉੱਤੇ ਕਾਬੂ ਪਾਇਆ। ਘਟਨਾ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਹਾਲਾਂਕਿ ਦੁਕਾਨ ਲਈ ਰੱਖਿਆ ਸਾਰਾ ਕੱਪੜਾ ਸੜ ਕੇ ਸੁਆਹ ਹੋ ਗਿਆ। ਘਟਨਾ ਸਮੇਂ ਦੁਕਾਨ ਬੰਦ ਸੀ।ਜਦੋਂ ਅਚਾਨਕ ਧੂੰਆਂ ਨਿਕਲਦਾ ਦੇਖਿਆ ਗਿਆ ਤਾਂ ਤੁਰੰਤ ਇਸ ਦੀ ਸੂਚਨਾ ਫਾਇਰ ਬ੍ਰਿਗੇਡ ਨੂੰ ਦਿੱਤੀ ਗਈ। ਦੁਕਾਨ ਮਾਲਕ ਵਰੁਣ ਨੇ ਦੱਸਿਆ ਕਿ ਉਹ ਕੱਪੜੇ ਦਾ ਕੰਮ ਕਰਦਾ ਹੈ। ਉਸ ਦੀ ਧੀ ਸਭ ਤੋਂ ਪਹਿਲਾਂ ਦੁਕਾਨ 'ਤੇ ਪਹੁੰਚੀ। ਉਸ ਨੇ ਦੇਖਿਆ ਕਿ ਦੁਕਾਨ ਅੰਦਰੋਂ ਧੂੰਆਂ ਨਿਕਲ ਰਿਹਾ ਸੀ। ਜਦੋਂ ਲੜਕੀ ਨੇ ਉੱਪਰ ਜਾ ਕੇ ਦੇਖਿਆ ਤਾਂ ਅੱਗ ਲੱਗੀ ਹੋਈ ਸੀ। ਅੱਗ ਬੁਝਾਉਣ ਲਈ ਪਾਣੀ ਵੀ ਪਾਇਆ ਗਿਆ ਤਾਂ ਵੀ ਅੱਗ 'ਤੇ ਕਾਬੂ ਨਹੀਂ ਪਾਇਆ ਜਾ ਸਕਿਆ। ਬਾਅਦ ਵਿੱਚ ਅੱਗ ਭਿਆਨਕ ਰੂਪ ਧਾਰ ਗਈ। ਇਸ ਮਗਰੋਂ ਮਾਮਲੇ ਦੀ ਸੂਚਨਾ ਫਾਇਰ ਬ੍ਰਿਗੇਡ ਨੂੰ ਦਿੱਤੀ ਗਈ। ਫਾਇਰ ਬ੍ਰਿਗੇਡ ਅਧਿਕਾਰੀ ਰਾਹੁਲ ਨੇ ਦੱਸਿਆ ਕਿ ਸੂਚਨਾ ਮਿਲੀ ਸੀ ਕਿ ਪੰਜ ਪੀਰ ਚੌਕ ਸਥਿਤ ਟਰਾਂਸਫਾਰਮਰ ਨੇੜੇ ਅੱਗ ਲੱਗ ਗਈ ਹੈ। ਇਸ ਤੋਂ ਬਾਅਦ ਫਾਇਰ ਬ੍ਰਿਗੇਡ ਦੀਆਂ ਟੀਮਾਂ ਘਟਨਾ ਸਥਾਨ 'ਤੇ ਪਹੁੰਚ ਗਈਆਂ। ਦੋ ਗੱਡੀਆਂ ਦੀ ਮਦਦ ਨਾਲ ਅੱਗ 'ਤੇ ਕਾਬੂ ਪਾਇਆ ਗਿਆ। ਮੁੱਢਲੀ ਜਾਂਚ ਤੋਂ ਪਤਾ ਚੱਲ ਰਿਹਾ ਹੈ ਕਿ ਅੱਗ ਸ਼ਾਰਟ ਸਰਕਟ ਕਾਰਨ ਲੱਗੀ ਹੋ ਸਕਦੀ ਹੈ ਕਿਉਂਕਿ ਘਟਨਾ ਸਥਾਨ 'ਤੇ ਅਜਿਹਾ ਕੁਝ ਵੀ ਨਹੀਂ ਮਿਲਿਆ ਜੋ ਕਿਸੇ ਲਾਪ੍ਰਵਾਹੀ ਨੂੰ ਦਰਸਾਉਂਦਾ ਹੋਵੇ।



## 24ਵੀਂ ਪੈਦਲ ਯਾਤਰਾ ਦਾ ਖਾਲਸਾ ਮਾਰਬਲ ਹਾਊਸ ਆਰ ਸੀ ਐੱਫ ਵਿਖੇ ਸ਼ਾਨਦਾਰ ਸਵਾਗਤ

ਪੰਜਾਬ ਦਾ ਖੁਲਾਸਾ

**ਕਪੂਰਥਲਾ, 10 ਨਵੰਬਰ ( ਕੌੜਾ)-** ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ 24ਵੀਂ ਮਹਾਨ ਪੈਦਲ ਯਾਤਰਾ ਜੋ ਕਿ ਕਪੂਰਥਲਾ ਤੋਂ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਤੱਕ ਹਰ ਸਾਲ ਸਜਾਈ ਜਾਂਦੀ ਹੈ, ਇਸ ਵਾਰ ਸਵੇਰੇ 4 ਵਜੇ ਸਟੇਟ ਗੁਰਦੁਆਰਾ ਸਾਹਿਬ ਤੋਂ ਰਵਾਨਾ ਹੋਈ ? ਜੋ ਕਿ ਗੁਰਦੁਆਰਾ ਸ਼੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਜਾ ਕੇ ਸਮਾਪਤ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਅਲੌਕਿਕ ਫੁੱਲਾਂ ਨਾਲ ਸੱਜੀ ਪਾਲਕੀ ਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸਜਾਈ ਗਈ ਇਸ 24ਵੀ ਪੈਦਲ ਯਾਤਰਾ ਦਾ ਜ਼ੋਰਦਾਰ ਤੇ ਭਰਵਾਂ ਸਵਾਗਤ ਖਾਲਸਾ ਮਾਰਬਲ ਹਾਊਸ ਰੇਲ ਕੋਚ ਫੈਕਟਰੀ ਵਿਖੇ ਕੀਤਾ ਗਿਆ। ਇਸ ਦੌਰਾਨ ਖਾਲਸਾ ਮਰਬਲ ਹਾਊਸ ਦੇ ਸਰਪ੍ਰਸਤ ਗੁਰਬਚਨ ਸਿੰਘ ਖਾਲਸਾ , ਪਰਮਿੰਦਰ ਸਿੰਘ ਖਾਲਸਾ, ਸੁਖਬੀਰ ਸਿੰਘ ਖਾਲਸਾ ਐੱਮ ਡੀ ਖਾਲਸਾ ਮਾਰਬਲ ਹਾਊਸ ਆਰ ਸੀ ਐੱਫ ,ਤੇ ਜਥੇਦਾਰ ਭੁਪਿੰਦਰ ਸਿੰਘ ਖਾਲਸਾ,ਦਿਲ ਮੋਹਿਤ ਸਿੰਘ ਖਾਲਸਾ, ਨੇ ਪੰਜ ਪਿਆਰਿਆਂ ਨੂੰ ਸਿਰੋਪਾਓ ਦੇ ਕੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਤੇ ਇਸ ਪੈਦਲ ਯਾਤਰਾ ਦਾ ਫੁੱਲਾਂ ਦੀ ਵਰਖਾ ਦੇ ਨਾਲ ਭਰਵਾਂ ਸਵਾਗਤ ਕੀਤਾ। ਇਸ ਦੌਰਾਨ ਜਥੇਦਾਰ ਜਰਨੈਲ ਸਿੰਘ ਡੋਗਰਾਵਾਲਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵੀ ਸਿਰੋਪਾਓ ਤੇ ਸਨਮਾਨ ਚਿੰਨ ਦੇ ਕੇ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਸੰਗਤਾਂ ਦੇ ਛਕਣ ਲਈ ਚਾਹ ਪਕੌੜੇ ਦੇ ਅਟੁੱਟ ਲੰਗਰ ਵਰਤਾਏ ਗਏ । ਜਿਸ ਦੌਰਾਨ ਸੁਰਜੀਤ ਸਿੰਘ , ਦਿਲਮੋਹਿਤ ਸਿੰਘ , ਰਣਜੀਤ ਸਿੰਘ ਧੰਜੂ ਝੱਲ ਬੀਬੜੀ, ਮਾਸਟਰ ਹਰਜਿੰਦਰ ਸਿੰਘ ਢੋਟ ਨਵਜੋਤ ਸਿੰਘ ਝੰਡ, ਕੁਲਵੰਤ ਸਿੰਘ ਝੱਲ ਬੀਬੜੀ ਆਦਿ ਨੇ ਨਿਸ਼ਕਾਮ ਸੇਵਾ ਕੀਤੀ।



## ਮੈਡੀਕਲ ਪ੍ਰੈਕਟੀਸਨਰਜ ਐਸੋਸੀਏਸਨ (ਰਜਿ 295) ਵੱਲੋ ਪੰਜਾਬ ਸਰਕਾਰ ਤੇ ਵਾਅਦੇ ਤੋ ਮੁਕਰਨ ਦਾ ਦੋਸ਼

### 17 ਨੂੰ ਗਿੱਦੜਬਾਹੇ ਤੋਂ ਆਮ ਆਦਮੀ ਦੇ ਉਮੀਦਵਾਰ ਦਾ ਵਿਰੋਧ ਕਰਨਾ : ਡਾ.ਗੁਰਨਾਇਬ ਸਿੰਘ

ਪੰਜਾਬ ਦਾ ਖੁਲਾਸਾ

**ਬਾਜਾਖਾਨਾ 10 ਨਵੰਬਰ (ਅਵਤਾਰ ਸਿੰਘ ਮੱਲਾ)** ਮੈਡੀਕਲ ਪ੍ਰੈਕਟੀਸਨਰਜ ਐਸੋਸੀਏਸਨ ਰਜਿ 295 ਬਲਾਕ ਬਾਜਾਖਾਨਾ 1 ਦੀ ਮਹੀਨਾਵਾਰ ਮੀਟਿੰਗ ਡਾ ਗੁਰਨਾਇਬ ਸਿੰਘ ਮੱਲਾ ਬਲਾਕ ਪ੍ਰਧਾਨ ਦੀ ਪ੍ਰਧਾਨਗੀ ਵਿੱਚ ਸੇਖ ਫਰੀਦ ਸੀਨੀ ਸੈ ਸਕੂਲ ਵਿੱਚ ਹੋਈ ।ਡਾ. ਮੱਲਾ ਨੇ ਡਾ. ਸਾਥੀਆਂ ਨੂੰ ਸੰਬੋਧਨ ਕਰਦਿਆ ਕਿ ਆਮ ਆਦਮੀ ਪਾਰਟੀ ਦੇ ਹਰ ਕੈਂਡੀਡੇਟ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਹਰ ਵਿਧਾਨ ਸਭਾ ਹਲਕੇ ਵਿੱਚ ਆਪਣੇ ਸਾਥੀਆਂ ਨੂੰ ਵਿਸਵਾਸ ਦੁਆਇਆ ਸੀ, ਕਿ ਤੁਸੀ ਵੋਟਾਂ ਪਾ ਕੇ ਸਰਕਾਰ ਬਣਾ ਦਿਓ ਤੁਹਾਡੇ ਮਸਲੇ ਪਹਿਲੇ ਹੀ ਵਿਧਾਨ ਸਭਾ ਦੇ ਸੈਸਨ ਵਿੱਚ ਹੱਲ ਕਰਵਾ ਦਿਆਂਗੇ। ਪ੍ਰੰਤੂ ਕਈ ਵਿਧਾਨ ਸਭਾ ਦੇ ਸੈਸਨ ਲੰਘ ਗਏ ਤਾਂ ਜਥੇਬੰਦੀ ਸਾਰੇ mla ਤੇ ਮੰਤਰੀਆਂ ਨੂੰ ਯਾਦ ਪੱਤਰ ਦੇ ਕੇ ਆਪਣੇ ਮਸਲੇ ਯਾਦ ਕਰਾਏ ਪ੍ਰੰਤੂ ਪਿਛਲੇ ਸੈਸਨ ਦੌਰਾਨ ਕੁਝ ਕੁ mla ਨੇ ਆਪਣੇ ਮਸਲੇ ਵਿਧਾਨ ਸਭਾ ਵਿੱਚ ਉਠਾਏ ਤਾਂ ਵਿਧਾਨ ਸਭਾ ਦੇ ਸਪੀਕਰ ਸਾਹਿਬ ਨੇ ਸਿਹਤ ਮੰਤਰੀ ਸ੍ ਬਲਵੀਰ ਸਿੰਘ ਤੋ ਜਦ ਜਵਾਬ ਮੰਗਿਆ ਤਾਂ ਮੰਤਰੀ ਸਾਹਿਬ ਨੇ ਝੱਟ ਜਵਾਬ ਦੇ ਦਿੱਤਾ ,ਕਿ ਸਾਡੇ ਕੋਲ ਇਨਾਂ RMP ਡਾਕਟਰਾਂ ਦੇ ਮਸਲੇ ਦਾ ਕੋਈ ਹੱਲ ਅਤੇ ਨਾ ਹੀ ਅਸੀ ਇਹਨਾਂ ਨੂੰ ਪ੍ਰੈਕਟਿਸ ਕਰਨ ਦਾ ਅਧਿਕਾਰ ਦੇ ਸਕਦੇ ਹਾਂ, ਸੋ ਸਰਕਾਰ ਦੀ ਇਸ ਵਾਅਦਾ ਖਿਲਾਫ ਪੰਜਾਬ ਪ੍ਰਧਾਨ ਅਤੇ ਸਟੇਟ ਕਮੇਟੀ ਨੇ ਫੈਸਲਾ ਕੀਤਾ ਹੈ। ਹੁਣ ਹੋ ਰਹੀ ਚਾਰ ਜਿਮਨੀ ਚੋਣਾਂ ਵਿੱਚ ਸਰਕਾਰ ਦੇ ਉਮੀਦਵਾਰਾਂ ਦਾ ਵਿਰੋਧ ਕੀਤਾ ਜਾਵੇ। ਸੋ ਆਪਣੇ ਜਿਲਾ ਫਰੀਦਕੋਟ ਬਠਿੰਡਾ ਮੁਕਤਸਰ ਫਾਜਿਲਕਾ ਨੇ ਆਉਣ ਵਾਲੀ17 ਨਵੰਬਰ ਦਿਨ ਐਤਵਾਰ ਨੂੰ ਗਿੱਦੜਬਾਹੇ ਤੋ ਆਮ ਆਦਮੀ ਦੇ ਉਮੀਦਵਾਰ ਦਾ ਵਿਰੋਧ ਕਰਨਾ ਹੈ ।ਸੋ ਸਾਥੀਆਂ ਨੂੰ ਬੇਨਤੀ ਹੈ ਕਿ ਆਪਾਂ ਆਪਣੇ ਕਿੱਤੇ ਬਚਾਉਣ ਲਈ ਇਸ ਰੋਸ ਪ੍ਰਦਰਸਨ ਵਿੱਚ ਵੱਧ ਵੱਧ ਗਿਣਤੀ ਵਿੱਚ ਸਾਮਲ ਹੋਣਾ ਚਾਹੀਦਾ ਹੈ ,ਤਾਂ ਕਿ ਸਰਕਾਰ ਦੇ ਨੱਕ ਵਿੱਚ ਦਮ ਕੀਤਾ ਜਾਵੇ। ਇਸ ਡਾ. ਸੁਖਦੇਵ ਸਿੰਘ ਰੋਮਾਣਾ ਨੇ ਵੀ ਆਪਣੇ ਵਿਚਾਰ ਸਾਂਝੇ ਕਰਦਿਆ ਕਿਹਾ ਇਹ ਸਰਕਾਰ ਵੀ ਪਿਛਲੀਆਂ ਸਰਕਾਰਾਂ ਦੇ ਰਾਹ ਤੇ ਪੈ ਚੱਲੀ ਆ ਅਤੇ ਜੋ ਬਿਆਨ ਸਿਹਤ ਮੰਤਰੀ ਨੇ ਦਿੱਤਾ ।ਉਸ ਦੀ ਪੁਰਜੋਰ ਸਬਦਾਂ ਵਿੱਚ ਨਿਖੇਧੀ ਕਰਦਾਂ ਹਾਂ ਇਸ ਮੌਕੇ ਡਾ ਗੁਰਜੰਟ ਸਿੰਘ ਝੱਖੜਵਾਲਾ ਨੇ ਚਿੱਕਨ ਪੋਕਸ ਅਤੇ ਖੰਘ ਰੇਸਾ ਅਤੇ ਇੰਨਫੈਕਸਨ ਵਰਗੀਆਂ ਬਿਮਾਰੀਆਂ ਬਾਰੇ ਵਰਤੀ ਜਾਣ ਵਾਲੀ ਮੈਡੀਸਨ ਬਾਰੇ ਦੱਸਿਆ ਅਤੇ ਅੱਜਕਲ ਚੱਲ ਰਹੇ ਮੌਸਮ ਬਾਰੇ ਮਾਸਕ ਲਗਾਉਣ ਬਾਰੇ ਅਤੇ ਸੇਨੇਟਾਈਜਰ ਨਾਲ ਵਰਤਣ ਜਾਣਕਾਰੀ ਦਿੱਤੀ। ਇਸ ਮੌਕੇ ਡਾ. ਕਿਰਨ ਡੋਡ ਕੈਸੀਅਰ ,ਡਾ. ਬਿੱਟੂ ਝੱਖੜਵਾਲਾ, ਡਾ .ਨਿਰਮਲ ਸਿੰਘ ਝੱਖੜਵਾਲਾ ,ਡਾ. ਛਿੰਦਰਪਾਲ ਝੱਖੜਵਾਲਾ, ਡਾ .ਹਰਦੀਪ ਸਿੰਘ, ਡਾ. ਗੁਰਸੇਵਕ ਸਿੰਘ ਦੱਬੜੀਖਾਨਾ, ਡਾ .ਮਨਪ੍ਰੀਤ ਸਿੰਘ ,ਡਾ ਮਨਮੋਹਣ ਸਿੰਘ, ਡਾ .ਕਰਮ ਸਿੰਘ ,ਡਾ. ਨਿਰਮਲ ਸਿੰਘ ਬਾਜਾਖਾਨਾ ,ਡਾ .ਵਿੱਕੀ ,ਵੈਦ .ਜਸਵੰਤ ਸਿੰਘ, ਵੈਦ. ਰਣਜੀਤ ਸਿੰਘ ,ਡਾ. ਜਗਦੇਵ ਸਿੰਘ ਮੱਲਾ, ਡਾ. ਮਨਦੀਪ ਸਿੰਘ ਮੱਲਾ, ਡਾ. ਗੁਰਨੈਬ ਸਿੰਘ ਘਣੀਆ, ਡਾ. ਪਵਨ ਡੋਡ, ਡਾ .ਗੁਰਜੰਟ ਡੋਡ, ਡਾ. ਗਗਨ ਬਾਜਾਖਾਨਾ .ਡਾ. ਕਰਮਜੀਤ ਸਿੰਘ ਝੱਖੜਵਾਲਾ, ਡਾ. ਇਤਬਾਰ ਸਿੰਘ ਰੋਮਾਣਾ ,ਡਾ ,ਗੁਰਪ੍ਰੀਤ ਸਿੰਘ ਰੋਮਾਣਾ, ਡਾ. ਮਨਪ੍ਰੀਤ ਸਿੰਘ ਰੋਮਾਣਾ ਅਤੇ ਡਾ. ਸੋਹਣ ਲਾਲ ਅਦਿ ਵੱਡੀ ਗਿਣਤੀ ਵਿੱਚ ਡਾ ਸਾਥੀ ਹਾਜਰ ਸਨ ।



ਆਰ ਸੀ ਐੱਫ ਯੂਨੀਅਨ ਮਾਨਤਾ ਪ੍ਰਾਪਤ ਚੋਣਾਂ

## ਬਾਗੜੀ ਭਾਈਚਾਰਾ ਦੇ ਸੈਂਕੜੇ ਮੁਲਾਜ਼ਮਾਂ ਨੇ ਆਰ.ਸੀ.ਐਫ ਇੰਪਲਾਈਜ਼ ਯੂਨੀਅਨ ਨੂੰ ਦਿੱਤਾ ਸਮਰਥਨ

ਪੰਜਾਬ ਦਾ ਖੁਲਾਸਾ

**ਕਪੂਰਥਲਾ, 10 ਨਵੰਬਰ (ਕੌੜਾ)-** ਬਾਗੜੀ ਭਾਈਚਾਰਾ ਇੱਕਜੁੱਟ ਹੋ ਕੇ ਆਰਸੀਐਫ ਕਪੂਰਥਲਾ ਵਿੱਚ 4 ਦਸੰਬਰ ਨੂੰ ਹੋਣ ਵਾਲੀਆਂ ਯੂਨੀਅਨ ਮਾਨਤਾ ਚੋਣਾਂ ਵਿੱਚ ਆਰ.ਸੀ.ਐਫ ਇੰਪਲਾਈਜ਼ ਯੂਨੀਅਨ ਨੂੰ ਆਪਣਾ ਸਮਰਥਨ ਦੇਣ ਦਾ ਐਲਾਨ ਕੀਤਾ। ਮੀਟਿੰਗ ਵਿੱਚ ਹਾਜ਼ਰ ਸਮੂਹ ਮੁਲਾਜ਼ਮਾਂ ਨੇ ਇੱਕਜੁੱਟ ਹੋ ਕੇ ਕਿਹਾ ਕਿ ਆਰ.ਸੀ.ਐਫ ਦੇ ਇਤਿਹਾਸ ਵਿੱਚ ਜੇਕਰ ਕਿਸੇ ਯੂਨੀਅਨ ਨੇ ਮੁਲਾਜ਼ਮਾਂ ਦੇ ਹਿੱਤਾਂ ਅਤੇ ਫੈਕਟਰੀ ਦੀ ਤਰੱਕੀ ਲਈ ਜ਼ੋਰਦਾਰ ਲੜਾਈ ਲੜੀ ਹੈ ਤਾਂ ਉਹ ਆਰ.ਸੀ.ਐਫ ਇੰਪਲਾਈਜ਼ ਯੂਨੀਅਨ ਹੈ। ਜਿਕਰਯੋਗ ਹੈ ਕਿ ਪੂਰੇ ਭਾਰਤੀ ਰੇਲਵੇ ਵਿੱਚ ਯੂਨੀਅਨ ਮਾਨਤਾ ਦੀਆਂ ਚੋਣਾਂ ਹੋਣ ਜਾ ਰਹੀਆਂ ਹਨ, ਆਰ.ਸੀ.ਐਫ ਵਿੱਚ 4 ਦਸੰਬਰ ਨੂੰ ਹੋਣ ਵਾਲੀਆਂ ਚੋਣਾਂ ਵਿੱਚ ਆਰ.ਸੀ.ਐਫ ਦੇ ਸਮੂਹ ਕਰਮਚਾਰੀਆਂ ਨੇ ਇੱਕਜੁੱਟ ਹੋ ਕੇ ਵੱਡੇ ਬਹੁਮਤ ਦੇ ਨਾਲ ਆਰ.ਸੀ.ਐਫ ਇੰਪਲਾਈਜ਼ ਯੂਨੀਅਨ ਨੂੰ ਜਿਤਾਉਣ ਦਾ ਮਨ ਬਣਾ ਲਿਆ ਹੈ।

ਬਾਗੜੀ ਭਾਈਚਾਰਾ ਦੇ ਸੈਂਕੜੇ ਮੁਲਾਜ਼ਮਾਂ ਨੇ ਸੀਨੀਅਰ ਮੁਲਾਜ਼ਮ ਆਗੂ ਧਰਮਿੰਦਰ ਸ਼ਰਮਾ ਦੀ ਅਗਵਾਈ ਹੇਠ ਮੀਟਿੰਗ ਕਰਕੇ ਐਲਾਨ ਕੀਤਾ ਕਿ ਕੋਈ ਵੀ ਆਰਸੀਫ ਦਾ ਕਰਮਚਾਰੀ ਕਿਸੇ ਵੀ ਮੌਕਾਪ੍ਰਸਤ ਯੂਨੀਅਨ ਵੱਲੋਂ ਕਿਸੇ ਵੀ ਤਰ੍ਹਾਂ ਦੇ ਗੁੰਮਰਾਹ ਨਹੀਂ ਹੋਣ ਦਿੱਤਾ ਜਾਵੇਗਾ, ਕਿਉਂਕਿ ਰੇਲਵੇ ਵੱਲੋਂ ਮੁਲਾਜ਼ਮ ਤੇ ਦੇਸ਼-ਵਿਰੋਧੀ ਨੀਤੀਆਂ ਨੂੰ ਲਾਗੂ ਕਰਨ ਲਈ ਭਾਰਤ ਸਰਕਾਰ ਦੇ ਨਾਲ ਮਿਲ ਕੇ ਰੇਲਵੇ ਦੀਆਂ ਦੋਵੇ ਮਾਨਤਾ ਪ੍ਰਾਪਤ ਫੈਡਰੇਸ਼ਨਾਂ ਨੇ ਇਕ ਸਮਝੌਤੇ 'ਤੇ ਹਸਤਾਖਰ ਕੀਤੇ ਹਨ, ਜਿਸ ਦੇ ਤਹਿਤ ਸੈਂਕੜੇ ਕੰਮ ਜਿਵੇਂ ਕਿ ਰੇਲਵੇ ਸਟੇਸ਼ਨ, ਰੇਲਵੇ ਫੈਕਟਰੀਆਂ, ਰੇਲ ਗੱਡੀਆਂ, ਕੇਟਰਿੰਗ ਸੇਵਾਵਾਂ, ਟਿਕਟਾਂ ਦੀ ਵਿਕਰੀ, ਟਿਕਟਾਂ ਦੀ ਜਾਂਚ, ਸਫਾਈ, ਡੌਰਮਿਟਰੀ, ਰੈਸਟਰੂਮ ਆਦਿ ਨੂੰ ਆਊਟਸੋਰਸ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਰੇਲ ਕੋਚ ਫੈਕਟਰੀ ਨੂੰ ਸਮੁੱਚੇ ਰੇਲਵੇ ਦਾ ਸਵਰਗ ਕਿਹਾ ਜਾਂਦਾ ਹੈ ਕਿਉਂਕਿ ਇੱਥੋਂ ਦੀ ਸੰਘਰਸ਼ਸ਼ੀਲ ਆਰਸੀਐਫ ਇੰਪਲਾਈਜ ਯੂਨੀਅਨ ਨੇ ਵੱਡੀਆਂ ਕੁਰਬਾਨੀਆਂ ਕਰਕੇ ਫੈਕਟਰੀ ਦੇ ਉੱਜਵਲ ਭਵਿੱਖ ਲਈ ਕੰਮ ਕੀਤਾ ਹੈ।

ਮੀਟਿੰਗ ਵਿੱਚ ਹਾਜ਼ਰ ਸੀਨੀਅਰ ਕਰਮਚਾਰੀ ਸੂਰਜ ਭਾਨ ਨੇ ਕਿਹਾ ਕਿ ਸਾਨੂੰ ਬਹੁਤ ਮਾਣ ਹੈ ਕਿ ਆਰਸੀਐਫ ਇੰਪਲਾਈਜ ਯੂਨੀਅਨ ਨੇ ਹਮੇਸ਼ਾ ਹੀ ਮੁਲਾਜ਼ਮਾਂ ਦੇ ਹੱਕਾਂ ਲਈ ਲੜਾਈ ਲੜੀ ਹੈ। ਪਿਛਲੇ ਸਾਲਾਂ ਵਿੱਚ ਆਰਸੀਐਫ ਵਿੱਚ 300 ਤੋਂ 400 ਦੇ ਕਰੀਬ ਮੁਲਾਜ਼ਮ ਭਰਤੀ ਕੀਤੇ ਗਏ ਹਨ, ਜਿਸ ਵਿੱਚ ਆਰਸੀਐਫ ਇੰਪਲਾਈਜ ਯੂਨੀਅਨ ਦਾ ਵੱਡਾ ਅਤੇ ਅਹਿਮ ਯੋਗਦਾਨ ਹੈ। ਉਨ੍ਹਾਂ ਕਿਹਾ ਕਿ ਸਟਾਫ਼ ਕੌਂਸਲ ਦੇ ਸਮੇਂ ਦੌਰਾਨ ਜਿਸ ਤਰ੍ਹਾਂ ਭਾਰਤ ਸਰਕਾਰ ਦੀਆਂ ਨੀਤੀਆਂ ਖ਼ਿਲਾਫ਼ ਸੰਘਰਸ਼ ਜਾਂ ਮੁਲਾਜ਼ਮਾਂ ਦੇ ਹਿੱਤਾਂ ਲਈ ਕੰਮ ਕੀਤਾ ਗਿਆ ਸੀ, ਉਸ ਨੂੰ ਦੇਖਦਿਆਂ ਸਮੇਂ ਦੀ ਲੋੜ ਹੈ ਕਿ ਇਕ ਅਦਾਰਾ- ਇਕ ਯੂਨੀਅਨ ਦੀ ਚੋਣ ਕੀਤੀ ਜਾਵੇਗੀ।

ਬਾਗੜੀ ਭਾਈਚਾਰਾ ਦੇ ਸੀਨੀਅਰ ਸਾਥੀ ਮਹਿੰਦਰ ਕੁਮਾਰ ਨੇ ਕਿਹਾ ਕਿ ਮੁਲਾਜ਼ਮ ਹੁਣ ਕਿਸੇ ਤੋਂ ਵੀ ਗੁੰਮਰਾਹ ਨਹੀਂ ਹੋਣਗੇ ਕਿਉਂਕਿ ਜਿਵੇਂ-ਜਿਵੇਂ ਮਾਨਤਾ ਚੋਣਾਂ ਨੇੜੇ ਆ ਰਹੀਆਂ ਹਨ, ਲੋਕਾਂ ਨੂੰ ਕੇਵਲ ਚੋਣਾਂ ਵਿਚ ਚਮਕਣ ਵਾਲੇ ਚਿਹਰੇ ਹੀ ਨਜ਼ਰ ਆ ਰਹੇ ਹਨ, ਪਰ ਮੁਲਾਜ਼ਮ ਜਾਗਰੂਕ ਅਤੇ ਸੂਝਵਾਨ ਹਨ ਉਹ ਜਾਣਦਾ ਹੈ ਕਿ ਮੀਂਹ ਦੇ ਡੱਡੂਆਂ ਵਾਂਗ ਚਮਕਣ ਵਾਲੀਆਂ ਸੰਸਥਾਵਾਂ ਨੂੰ ਵੋਟ ਦੇਣ ਨਾਲ ਮੁਲਾਜ਼ਮਾਂ ਦਾ ਭਵਿੱਖ ਅਤੇ ਫੈਕਟਰੀ ਦੀ ਤਰੱਕੀ ਨਹੀਂ ਹੋਵੇਗੀ ਸਗੋਂ ਉਹ ਬਾਕੀ ਰੇਲਵੇ ਦੀ ਤਰ੍ਹਾਂ ਕਾਰਖਾਨੇ ਦਾ ਵੀ ਵਿਨਾਸ਼ ਕਰ ਦੇਣਗੇ।

ਨੌਜਵਾਨ ਮੁਲਾਜ਼ਮ ਕਰਨ ਕੁਮਾਰ ਨੇ ਦੱਸਿਆ ਕਿ ਆਰ.ਸੀ.ਐਫ. ਕਪੂਰਥਲਾ ਵਿਖੇ ਇੰਡੀਅਨ ਰੇਲਵੇ ਇੰਪਲਾਈਜ਼ ਫੈਡਰੇਸ਼ਨ ਦੀ ਅਗਵਾਈ ਹੇਠ ਆਰ.ਸੀ.ਐਫ. ਇੰਪਲਾਈਜ਼ ਯੂਨੀਅਨ ਵੱਲੋਂ ਰੇਲਵੇ ਵਿੱਚ ਐਨ.ਪੀ.ਐਸ. ਵਿਰੁੱਧ ਮੋਰਚਾ ਅਤੇ ਪੁਰਾਣੀ ਪੈਨਸ਼ਨ ਸਕੀਮ ਲਈ ਨੈਸ਼ਨਲ ਮੂਵਮੈਂਟ ਵੱਲੋਂ ਮੁਲਾਜ਼ਮਾਂ ਦੇ ਹਿੱਤਾਂ ਵਿੱਚ ਵੱਡਾ ਸੰਘਰਸ਼ ਵਿੱਢਿਆ ਗਿਆ ਹੈ, ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਰੇਲ ਕੋਚ ਫੈਕਟਰੀ ਦਾ ਹਰ ਮੁਲਾਜ਼ਮ ਆਰਸੀਐਫ ਇੰਪਲਾਈਜ਼ ਯੂਨੀਅਨ ਵੱਲੋਂ ਆਉਟਸੋਰਸਿੰਗ, ਐਨ.ਪੀ.ਐਸ., ਕਰਮਚਾਰੀਆਂ ਨੂੰ ਇੰਸੈਂਟਿਵ ਗਰੁੱਪ ਵਿੱਚ ਭੇਜਣ, ਮਾਲ ਦੀ ਘਟੀਆ ਕੁਆਲਿਟੀ, ਰਿਆਇਤਾਂ ਨੂੰ ਬਰਕਰਾਰ ਰੱਖਣ, ਹਸਪਤਾਲਾਂ ਵਿੱਚ ਡਾਕਟਰਾਂ ਦੀ ਨਿਯੁਕਤੀ ਆਦੀ ਲਈ ਕਿਤੇ ਸੰਘਰਸ਼ ਲਈ ਹਮੇਸ਼ਾ ਰਿਣੀ ਰਹੇਗਾ।

ਆਰ.ਸੀ.ਐਫ ਇੰਪਲਾਈਜ਼ ਯੂਨੀਅਨ ਦੇ ਜਥੇਬੰਦਕ ਸਕੱਤਰ ਭਰਤ ਰਾਜ ਨੇ ਕਿਹਾ ਕਿ ਬਾਗੜੀ ਭਾਈਚਾਰਾ ਯੂਨੀਅਨ ਵੱਲੋਂ ਕੀਤੇ ਗਏ ਸੰਘਰਸ਼ਾਂ ਵਿੱਚ ਹਮੇਸ਼ਾ ਮੋਹਰੀ ਰਿਹਾ ਹੈ ਅਤੇ ਜਥੇਬੰਦੀ ਨੇ ਹੱਕਾਂ ਅਤੇ ਹੱਕਾਂ ਦੀ ਰਾਖੀ ਲਈ ਆਪਣੀ ਸਮਰੱਥਾ ਅਨੁਸਾਰ ਸੰਘਰਸ਼ ਕਰਨ ਅਤੇ ਯਤਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਰੇਲ ਕੋਚ ਫੈਕਟਰੀ ਦੇ ਹਰ ਕਰਮਚਾਰੀ ਨੂੰ ਜਾਗਰੂਕ ਕਰਦੇ ਹੋਏ ਆਰਸੀਐਫ ਇਮਪਲਾਈ ਯੂਨੀਅਨ ਨੂੰ ਵੱਧ ਤੋਂ ਵੱਧ ਵੋਟਾਂ ਦੇ ਨਾਲ ਜਿਤਾਉਣ ਲਈ ਬੇਨਤੀ ਕੀਤੀ ਜਾ ਰਹੀ

ਆਰਸੀਐਫ ਇਮਪਲਾਈ ਯੂਨੀਅਨ ਨੂੰ ਇਕਜੁੱਟ ਦੇ ਨਾਲ ਵੋਟ ਪਾਉਣ ਲਈ ਮੀਟਿੰਗ ਨੂੰ ਸਫਲ ਬਣਾਉਂਦੇ ਹੋਏ ਬ੍ਰਹਮਦੇਵ, ਮਨੋਹਰ ਲਾਲ, ਭਰਤ ਲਾਲ ਸਲੇਰੀਆ, ਕਾਮਰੇਡ ਰਾਜਿੰਦਰ ਕੁਮਾਰ, ਸੰਦੀਪ ਕੁਮਾਰ, ਅਨਿਲ ਕੁਮਾਰ, ਸੰਜੇ ਕੁਮਾਰ ਜਿਆਣੀ, ਮੁਕੇਸ਼ ਕੁਮਾਰ, ਬਲਰਾਮ ਟਾਂਕ, ਓਮ ਪ੍ਰਕਾਸ਼, ਉਮੇਦ ਸਿੰਘ ਭਾਟੀ, ਸੰਜੇ ਕੁਮਾਰ ਬਾਜੀਤਪੁਰ, ਯੋਗਰਾਜ, ਨਵਦੀਪ ਕੁਮਾਰ, ਸਤੇਂਦਰ ਪਾਲ, ਸੁਰਿੰਦਰ ਕੁਮਾਰ ਗੁਰੀਆ, ਮਦਨਲਾਲ, ਪ੍ਰੀਤਮ ਕੁਮਾਰ, ਸੁਧੀਰ ਸਵਾਮੀ, ਪ੍ਰਦੀਪ ਫੌਜੀ, ਇੰਦਰਜੀਤ ਕੰਧਵਾਲਾ, ਮਹਿੰਦਰ, ਨਵੀਨ ਕੁਮਾਰ, ਮਨੋਜ ਕੁਮਾਰ, ਸ਼ੰਕਰ ਲਾਲ ਰਾਜਸਥਾਨੀ, ਮਨੋਜ ਕੁਮਾਰ ਕਲਰਕ ਆਦਿ ਨੇ ਆਪਣਾ ਵੱਡਾ ਯੋਗਦਾਨ ਪਾਇਆ।



## ।। ਓ , ਅ , ਮੁੱਖ ਰੱਖਣਾ ਏਂ ।।


ਝੱਖੜ ਹੋਰ ਝੁੱਲਣ ਨਹੀਂ ਦੇਣੇ,
ਅੱਖਰ ਹੋਰ ਭੁੱਲਣ ਨੀ ਦੇਣੇ ।

ਸਾਂਭ ਲੈਣੇ ਨੇ ਵਿੱਚ ਲਿਖਤ ਦੇ,
ਇਕੱਲੇ ਹੋ-ਹੋ ਤੁਰਣ ਨਹੀਂ ਦੇਣੇ।

ਓ , ਅ , ਮੁੱਖ ਰੱਖਣਾ ਏਂ,
ਤੇ 'ਯ' ਹੋਰ ਖੁਰਨ ਨਹੀਂ ਦੇਣੇ।

ਮੈਂ ਪੰਜਾਬੀ ਦਾ ਜਾਇਆ ਬੇਟਾ,
ਮਾਪੇ ਹੋਰ ਰੁਲਣ ਨਹੀਂ ਦੇਣੇ।

ਬਾਲੀ ਤੇਰੇ ਜਿਹੇ ਲਿਖਾਰੀ,
ਕਲਮਾ ਚੱਕ ਤੁਰਨ ਨਹੀਂ ਦੇਣੇ।



ਲੇਖਕ-ਸੰਤੋਖ ਬਾਲੀ , ਪਿੰਡ-ਰਾਣੀਪੁਰ, ਫਗਵਾੜਾ।

ਸੰਪਰਕ - 8264315806

# ਐਸ.ਡੀ.ਐਮ. ਨੇ ਪੋਲਿੰਗ ਸਟੇਸ਼ਨਾਂ ‘ਤੇ ਫੋਟੋ ਵੋਟਰ ਸੂਚੀਆਂ ਦੀ ਸੁਧਾਈ ਸਬੰਧੀ ਲੱਗੇ ਸਪੈਸ਼ਲ ਕੈਂਪ ਦਾ ਜਾਇਜ਼ਾ ਲਿਆ

✚ ਪੰਜਾਬ ਦਾ ਖੁਲਾਸਾ





**ਅਹਿਮਦਗੜ੍ਹ 10 ਨਵੰਬਰ (ਬੰਟੀ ਚੌਹਾਨ)** ਭਾਰਤ ਚੋਣ ਕਮਿਸ਼ਨ ਵਲੋਂ ਯੋਗਤਾ ਮਿਤੀ ੧-੧-੨੦੨੫ ਦੇ ਆਧਾਰ ‘ਤੇ ਵੋਟਰ ਸੂਚੀਆਂ ਦੀ ਵਿਸ਼ੇਸ਼ ਸਰਸਰੀ ਸੁਧਾਈ-੨੦੨੫ ਸਬੰਧੀ ਜਾਰੀ ਪ੍ਰੋਗਰਾਮ ਤਹਿਤ ਸ਼ਨੀਵਾਰ ਨੂੰ ਜ਼ਿਲ੍ਹੇ ਦੇ ਸਮੁੱਚੇ ੪੦੦ ਪੋਲਿੰਗ ਸਟੇਸ਼ਨਾਂ ‘ਤੇ ਵਿਸ਼ੇਸ਼ ਕੈਂਪ ਲਗਾਏ ਗਏ, ਜਿਥੇ ਬੀ.ਐਲ.ਓਜ਼ ਵੱਲੋਂ ਸਵੇਰੇ ਤੋਂ ਸ਼ਾਮ ਤੱਕ ਮੌਜੂਦ ਰਹਿ ਕੇ ਲੋਕਾਂ ਪਾਸੋਂ ਦਾਅਵੇ ਤੇ ਇਤਰਾਜ਼ ਪ੍ਰਾਪਤ ਕੀਤੇ ਗਏ।ਐਸ.ਡੀ.ਐਮ. ਕਮ ਚੋਣਕਾਰ ਰਜਿਸਟਰੇਸ਼ਨ ਅਫਸਰ ੧੦੫ ਅਤੇ ੧੦੬ ਹਰਬੰਸ ਸਿੰਘ ਨੇ ਵਿਸੇਸ ਤੌਰ ਤੇ ਵਿਸ਼ੇਸ਼ ਸਰਸਰੀ ਸੁਧਾਈ ਲਈ ਲਗਾਏ ਗਏ ਕੈਂਪਾਂ ਦਾ ਦੌਰਾਂ ਕਰਕੇ ਸਮੀਖਿਆ ਕੀਤੀ।ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਐਸ.ਡੀ.ਐਮ.ਨੇ ਦੱਸਿਆ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਵੋਟਰ ਸੂਚੀ ਦੀ ਮੁੱਢਲੀ ਪ੍ਰਕਾਸ਼ਨਾ ੨੯ ਅਕਤੂਬਰ ੨੦੨੪ ਨੂੰ ਕੀਤੀ ਜਾ ਚੁੱਕੀ ਹੈ ਅਤੇ ੨੮ ਨਵੰਬਰ ੨੦੨੪ ਤੱਕ ਵੋਟਰ ਸੂਚੀ ਵਿੱਚ ਦਰਜ ਇੰਦਰਾਜਾਂ ਪ੍ਰਤੀ ਦਾਅਵੇ ਅਤੇ ਇਤਰਾਜ ਪ੍ਰਾਪਤ ਕੀਤੇ ਜਾਣੇ ਹਨ। ਉਨ੍ਹਾਂ ਅੱਗੇ ਦੱਸਿਆ ਕਿ ਵਿਸ਼ੇਸ਼ ਸਰਸਰੀ ਸੁਧਾਈ ਸਬੰਧੀ ਜਾਰੀ ਪ੍ਰੋਗਰਾਮ ਤਹਿਤ ਅੱਜ ਜ਼ਿਲ੍ਹੇ ਦੇ ਸਾਰੇ ਪੋਲਿੰਗ ਸਟੇਸ਼ਨਾਂ ‘ਤੇ ਵਿਸ਼ੇਸ਼ ਕੈਂਪ ਲਗਾ ਕੇ ਬੀ.ਐਲ.ਓਜ਼ ਵੱਲੋਂ ਦਾਅਵੇ ਅਤੇ ਇਤਰਾਜ਼ਾਂ ਦੇ ਫਾਰਮ ਪ੍ਰਾਪਤ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ੧੦ ਨਵੰਬਰ ਦਿਨ ਐਤਵਾਰ ਅਤੇ ੨੩ ਨਵੰਬਰ ਸ਼ਨੀਵਾਰ ਅਤੇ ੨੪ ਨਵੰਬਰ ਐਤਵਾਰ ਨੂੰ ਵੀ ਜ਼ਿਲ੍ਹੇ ਦੇ ਸਮੂਹ ਪੋਲਿੰਗ ਸਟੇਸ਼ਨਾਂ ‘ਤੇ ਸਵੇਰੇ ੧੦ ਵਜੇ ਤੋਂ ਸ਼ਾਮ ੫ ਵਜੇ ਤੱਕ ਅਜਿਹੇ ਕੈਂਪ ਲਗਾਏ ਜਾਣਗੇ। ਉਨ੍ਹਾਂ ਅੱਗੇ ਦੱਸਿਆ ਕਿ ਵੋਟਰ ਸੂਚੀ ਵਿੱਚ ਨਾਮ ਦਰਜ ਕਰਵਾਉਣ ਲਈ ਫਾਰਮ ਨੰਬਰ ੬, ਵੋਟਰ ਸੂਚੀ ਵਿੱਚ ਨਾਮ ਤੇ ਇਤਰਾਜ਼ ਜਾਂ ਪਹਿਲਾਂ ਤੋਂ ਦਰਜ ਇੰਦਰਾਜ ਦੀ ਕਟੌਤੀ ਲਈ ਫਾਰਮ ੭, ਵੋਟਰ ਸੂਚੀ ਵਿੱਚ ਦਰਜ ਇੰਦਰਾਜਾਂ ਦੀ ਦਰੁੱਸਤੀ ਅਤੇ ਇੰਦਰਾਜਾਂ ਦੀ ਅਦਲਾ-ਬਦਲੀ, ਪੀ.ਡਬਲਯੂ.ਡੀ. ਮਾਰਕਿੰਗ ਲਈ, ਡੁਪਲੀਕੇਟ ਵੋਟਰ ਕਾਰਡ ਲੈਣ ਲਈ ਫਾਰਮ ਨੰਬਰ ੮ ਭਰਿਆ ਜਾ ਸਕਦਾ ਹੈ।ਐਸ.ਡੀ.ਐਮ.ਨੇ ਜ਼ਿਲ੍ਹਾ ਵਾਸੀਆਂ ਨੂੰ ਪ੍ਰਸ਼ਾਸਨ ਵੱਲੋਂ ਲਗਾਏ ਜਾ ਰਹੇ ਇਨ੍ਹਾਂ ਵਿਸ਼ੇਸ਼ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ। ਇਸ ਤੋਂ ਇਲਾਵਾ ਚੋਣ ਕਾਨਗੋ ਚਮਕੌਰ ਸਿੰਘ, ਮਨਪ੍ਰੀਤ ਸਿੰਘ, ਬਲਵੀਰ ਸਿੰਘ ਵਲੋਂ ਵੀ ਵੱਖ ਵੱਖ ਬੂਥਾਂ ਤੇ ਜਾ ਕੇ ਚੈਕਿੰਗ ਕੀਤੀ।

## ਅਵਲੀਨ ਕੌਰ ਜੱਸਲ



ਅਵਲੀਨ ਕੌਰ ਜੱਸਲ
ਜਨਮ 11 ਨਵੰਬਰ
ਪਿਤਾ- ਸ੍ਰ ਹਰਪ੍ਰੀਤ ਸਿੰਘ ਜੱਸਲ
ਮਾਤਾ -ਨਵਜੋਤ ਕੌਰ ਜੱਸਲ

## ਵਿਆਹ ਦੀਆਂ ਮੁਬਾਰਕਾਂ



ਮਨੀਸ਼ ਕੁਮਾਰ ਅਤੇ ਪਰਮਜੀਤ ਵਾਸੀ ਜੈਤੋ ਨੂੰ ਅਦਾਰਾ ਪੰਜਾਬ ਦਾ ਖੁਲਾਸਾ ਵੱਲੋਂ ਵਿਆਹ ਦੀਆਂ ਬਹੁਤ ਬਹੁਤ ਮੁਬਾਰਕਾਂ
ਫੋਟੋ ਤੇ ਵੇਰਵਾ ਰਘਬੀਰ ਸਾਦਿਕ



## ਪਿੰਡ ਕਲਿਆਣ ਸੁੱਖਾ ਦੇ ਸਮਸਾਨਘਾਟ ਦੀ ਮੋਟਰ ਕੀਤੀ ਚਾਲੂ

✚ ਪੰਜਾਬ ਦਾ ਖੁਲਾਸਾ

ਬਠਿੰਡਾ, 10 ਨਵੰਬਰ (ਰਾਮ ਸਿੰਘ ਕਲਿਆਣ)- ਬਲਾਕ ਨਥਾਣਾ ਦੇ ਪਿੰਡ ਕਲਿਆਣ ਸੁੱਖਾ ਦੇ ਸ਼ਮਸ਼ਾਨ ਘਾਟ ਦੀ ਮੋਟਰ ਕਾਫੀ ਲੰਬੇ ਸਮੇਂ ਤੋਂ ਖਰਾਬ ਹੋਣ ਕਾਰਨ ਲੋਕਾਂ ਨੂੰ ਦੁੱਖ ਦੀ ਘੜੀ ਵਿੱਚ ਪਾਣੀ ਲਈ ਖੱਜਲ ਖੁਆਰ ਹੋਣਾ ਪੈਂਦਾ ਸੀ ਅਤੇ ਇਸ ਤੋਂ ਇਲਾਵਾ ਸਮਸਾਨਘਾਟ ਵਿੱਚ ਲਗਾਏ ਗਏ ਰੁੱਖਾਂ ਅਤੇ ਬੂਟਿਆਂ ਨੂੰ ਪਾਣੀ ਦੇਣ ਲਈ ਮੁਸ਼ਕਿਲ ਆ ਰਹੀ ਸੀ। ਇਸੇ ਤਹਿਤ ਦਾਨੀ ਸੱਜਣ ਲਛਮਣ ਸਿੰਘ ਪੁੱਤਰ ਕਰਮ ਚੰਦ ਅਤੇ ਪਰਸਰਾਮ ਬਾਤਿਸ ਦੇ ਸਹਿਯੋਗ ਸਦਕਾ ਗ੍ਰਾਮ ਪੰਚਾਇਤ ਕਲਿਆਣ ਸੁੱਖਾ ਦੀ ਅਗਵਾਈ ਇਸ ਮੋਟਰ ਨੂੰ ਦਰੁਸਤ ਕਰਵਾ ਕੇ ਚਾਲੂ ਕਰਵਾ ਦਿੱਤਾ।

ਇਸ ਮੌਕੇ ਅਮਨਦੀਪ ਸਿੰਘ ਅਮਨਾ ਪਤੀ ਸਰਪੰਚ ਜਸਵੀਰ ਕੌਰ,ਚਮਕੌਰ ਸਿੰਘ ਪੰਚ,ਸੁਖਮੰਦਰ ਸਿੰਘ ਪੰਚ, ਜਗਮੋਹਣ ਸਿੰਘ, ਸੁਰਜੀਤ ਸਿੰਘ, ਮਨਜੀਤ ਸਿੰਘ, ਬਲਵਿੰਦਰ ਸਿੰਘ ਹੈਪੀ ਬਿਜਲੀ ਮਕੈਨਿਕ, ਰਾਜ ਕੁਮਾਰ ਅਤੇ ਚਰਨਾਂ ਸਿੰਘ ਨੇ ਵਿਸੇਸ਼ ਯੋਗਦਾਨ ਪਾਇਆ।

## ਜੋਗਿੰਦਰ ਸਿੰਘ ਮਾਨ ਨੇ ਮੁੱਖ ਮੰਤਰੀ ਭਗਵੰਤ ਮਾਨ ਦਾ ਲਵਲੀ ਯੁਨੀਵਰਸਿਟੀ ਪੁੱਜਣ ਤੇ ਕੀਤਾ ਸਵਾਗਤ

✚ ਪੰਜਾਬ ਦਾ ਖੁਲਾਸਾ

**ਫਗਵਾੜਾ 10 ਨਵੰਬਰ ( ਪ੍ਰੀਤ ਕੌਰ ਪ੍ਰੀਤੀ )** ਆਰੀਆ ਪ੍ਰਤੀਨਿਧੀ ਸਭਾ ਪੰਜਾਬ ਵਲੋਂ ਮਹਾਰਿਸ਼ੀ ਦਯਾਨੰਦ ਸਰਸਵਤੀ ਦੀ 200 ਵੀ ਜਯੰਤੀ ਮੌਕੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਖੇ ਆਯੋਜਿਤ ਸਮਾਗਮ ਦੌਰਾਨ ਮੁੱਖ ਮਹਿਮਾਨ ਵਜੋਂ ਪਹੁੰਚੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਸਵਾਗਤ ਕਰਨ ਲਈ ਹਲਕਾ ਵਿਧਾਨਸਭਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਵਿਸ਼ੇਸ਼ ਤੌਰ ਤੇ ਐਲ.ਪੀ.ਯੂ. ਪੁੱਜੇ। ਉਹਨਾਂ ਨੇ ਜਿੱਥੇ ਗੁਲਦਸਤਾ ਭੇਂਟ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਦਾ ਨਿੱਘਾ ਸਵਾਗਤ ਕੀਤਾ ਉੱਥੇ ਹੀ ਮਹਾਰਿਸ਼ੀ ਦਯਾਨੰਦ ਸਰਸਵਤੀ ਬਾਰੇ ਆਪਣੇ ਵਿਚਾਰ ਪ੍ਰਗਟਾਉਂਦਿਆਂ ਕਿਹਾ ਕਿ ਦਯਾਨੰਦ ਸਰਸਵਤੀ ਇੱਕ ਮਹਾਨ ਚਿੰਤਕ ਅਤੇ ਸਮਾਜ ਸੁਧਾਰਕ ਸਨ, ਜਿਹਨਾਂ ਨੇ ਵਿਰੋਧੀਆਂ ਤੋਂ ਬੇਪਰਵਾਹ ਆਪਣੇ ਵਿਚਾਰਾਂ ਨਾਲ ਸਮਾਜ ਦੇ ਇਕ ਵੱਡੇ ਵਰਗ ਨੂੰ ਪ੍ਰਭਾਵਿਤ ਕੀਤਾ ਅਤੇ ਆਰਿਆ ਸਮਾਜ ਦੀ ਸਥਾਪਨਾ ਕੀਤੀ। ਉਹਨਾਂ ਨੇ ਸਮਾਜਿਕ ਕੁਰੀਤੀਆਂ ਅਤੇ ਪਖੰਡਾਂ ਖਿਲਾਫ ਵੀ ਆਵਾਜ਼ ਬੁਲੰਦ ਕੀਤੀ। ਅਜਿਹੇ ਮਹਾਪੁਰਸ਼ਾਂ ਦਾ ਹਮੇਸ਼ਾ ਸਤਿਕਾਰ ਹੋਣਾ ਚਾਹੀਦਾ ਹੈ।



ਇਸ ਮੌਕੇ ਲਵਲੀ ਯੁਨੀਵਰਸਿਟੀ ਦੇ ਵੀ.ਸੀ. ਅਸ਼ੋਕ ਮਿੱਤਲ, ਐਸ.ਡੀ.ਐਮ. ਫਗਵਾੜਾ ਜਸ਼ਨਜੀਤ ਸਿੰਘ, ਐਸ.ਐਸ.ਪੀ. ਹਰਕਮਲਪ੍ਰੀਤ ਸਿੰਘ ਖੱਖ ਸਮੇਤ ਹੋਰ ਪਤਵੰਤੇ ਵੀ ਹਾਜਰ ਸਨ।

## ਸ਼ੌਂਕ ਦਾ ਨਹੀਂ ਸਿੱਖਿਆ ਦਾ ਹੋਣਾ ਜ਼ਰੂਰੀ ਐ ਗਿਆਨ ਦਾ ਹੋਣਾ ਜ਼ਰੂਰੀ ਐ



ਸ਼ੌਂਕ ਇੱਕ ਮੁਗਲਾਂ ਵਰਗਾ ਲਾਲਚ ਏ ਜੋ ਦਿਨ ਬਾ ਦਿਨ ਸਾਨੂੰ ਸਾਡੇ ਰਾਹਾਂ ਤੋਂ ਦੂਰ ਕਰਦਾ ।ਪਰ ਸਿੱਖਿਆ ਸਾਡਾ ਉਹ ਧਰਮ ਏ ਜੋ ਸਾਡੀਆਂ ਆਉਣ ਵਾਲੀਆਂ ਪੀੜੀਆਂ ਨੂੰ ਜਿਉਣਾ ਤੇ ਆਪਣੇ ਧਰਮ ਪ੍ਰਤੀ ਅਟੱਲ ਰਹਿਣਾ ਸਿਖਾਉਂਦੀ ਏ ।

ਜੇ ਸਰਹਿੰਦ ਦੀ ਦੀਵਾਰ ਵਰਗੀ ਗਰੀਬੀ ਦੀ ਕੰਧ ਸੁੱਟਣੀ ਹੋਵੇ ਤਾਂ ਸ਼ੌਂਕਾ ਵਰਗੇ ਲਾਲਚਾ ਨੂੰ ਵਗਾਹ ਮਾਰ ਕੇ , ਸਿੱਖਿਆ ਦੀ ਨੀਂਹ ਚ ਖੜਨਾ ਪੈਂਦਾ । ਆਖਰੀ ਸਾਹ ਤੱਕ ਆਪਣੇ ਦਿਲ ਤੇ ਜੁਬਾਨ ਤੇ , ਸਿੱਖੀ ਸਿਦਕ ਰੱਖਣਾ ਪੈਂਦਾ ।ਆਪਣੇ ਧਰਮ ਉੱਤੇ ਅਟੱਲ ਰਹਿ ਜਦੋਂ ਅੜੇ ਸਿਦਕ ਮੂਹਰੇ ਲਾਲਚ ਹਾਰ ਜਾਣ ਤਾਂ ਕੰਧਾ ਆਪੇ ਢਹਿ ਢੇਰੀ ਹੋ ਜਾਂਦੀਆ । ਫੇਰ ਸਾਡੀਆਂ ਆਉਣ ਵਾਲੀਆਂ ਪੀੜੀਆਂ ਦੇ ਜਿਉਣ ਦੇ ਰਾਹ ਬਣਦੇ ਹਨ ।ਸੱਚੀ ਨੀਅਤ ਤੇ ਸਮਿਆਂ ਦੇ ਘੋਲ ਦੀ ਗਵਾਹੀ ਕੁਦਰਤ ਦੀਆਂ ਪੈਗੰਬਰੀ ਸ਼ਕਤੀਆ ਆਪੇ ਦਿੰਦੀਆ ਹਨ ।

ਸਿੱਖਿਆ , ਸਿਦਕ ਸਰਬ ਸ਼ਕਤੀ ਮਾਨ ਐ ਇਹਦਾ ਚੋਲਾ 40 ਤਣੀਆਂ ਵਰਗਾ ਬਣਾਓ , ਜੀਹਦੇ ਜੀਹਦੇ ਹੱਥ ਤਣੀਆਂ ਨੂੰ ਲੱਗਣ ਉਹ ਜ਼ਿੰਦਗੀ ਦੀਆਂ ਘਿਰੀਆਂ ਸਲਾਖਾਂ ਚੋਂ ਮੁਕਤ ਹੁੰਦਾ ਜਾਵੇ ।

ਜਿਥੋਂ ਤੱਕ ਮੈਂ ਸਿੱਖਿਆ ਇਤਿਹਾਸ ਚ , ਸਿੱਖਿਆ ਸਿਦਕ ਨਾਰੀ ਦੇ ਮੂੰਹੋਂ ਆ ਕੇ ਭੁੱਖ ਅੱਗੇ ਹਾਰ ਆਪਣੇ ਧਰਮ ਤੋਂ ਹਿੱਲੇ ਬੇਦਾਵੇ ਲਿਖਣ ਵਾਲਿਆਂ ਨੂੰ ਮੁੜ ਉਹਨਾਂ ਦੇ ਧਰਮ ਦੇ ਰਾਹ ਤੇ ਲਿਆ ਖਿਲਾਰ ਦਿੰਦੀ ਏ ਤੇ ਮੁਕਤਿਆਂ ਚ ਕਰ ਦਿੰਦੀ ਐ ।

ਸ਼ੌਂਕ ਸਾਡੀ ਜਿੰਦਗੀ ਨਹੀਂ ਸਿੱਖਿਆ ਸਾਡੀ ਜਿੰਦਗੀ ਐ ? ਸ਼ੌਂਕ ਇੱਕ ਚੀਜ਼ ਤੋਂ ਖਤਮ ਹੋ ਦੂਜੀ ਤੇ ਜਾ ਟਿਕਦਾ ਤੇ ਇਸ ਤਰਾਂ ਇਹਦਾ ਲਾਲਚ ਬਣਦਾ ਜਾਂਦਾ।

ਪਰ ਸਿਖਿਆ ਜਨਮ ,ਜਿੱਤਾਂ ਤੇ ਮੌਤ ਤੇ ਟਿਕੀ ਰਹਿੰਦੀ ਐ ਤੇ ਮੌਤ ਕਬੂਲ ਕਰ ਲੈਣ ਤੇ ਜਿੰਦਗੀ ਨੂੰ ਸ਼ਹਾਦਤ ਦੇ ਲੇਖੇ ਲਾਉਂਦੀ ਏ

**ਸਤਨਾਮ ਸਿੰਘ ਵਾੜਾ ਭਾਈ ਕਾ**

# ਡੋਨਾਲਡ ਟਰੰਪ ਦੀ ਜਿੱਤ ਨੇ ਰਚਿਆ ਇਤਿਹਾਸ, ਦੁਨੀਆ ਦੀ ਸਭ ਤੋਂ ਮਹਿੰਗੀ ਚੋਣ ਕਰਾਰ

ਦੁਨੀਆ ਦੇ ਸਭ ਤੋਂ ਪੁਰਾਣੇ ਅਤੇ ਸ਼ਕਤੀਸ਼ਾਲੀ ਦੇਸ਼ ਅਮਰੀਕਾ ਵਿੱਚ ਇਸ ਵਾਰ ਰਾਸ਼ਟਰਪਤੀ ਚੋਣਾਂ ਨੇ ਇੱਕ ਇਤਿਹਾਸ ਰਚ ਦਿੱਤਾ ਹੈ। ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਇਤਿਹਾਸਕ ਜਿੱਤ ਦੇ ਜਸ਼ਨ ‘ਚ ਪੂਰਾ ਅਮਰੀਕਾ ਡੁੱਬ ਗਿਆ ਹੈ। ਉਨ੍ਹਾਂ ਨੇ ਇਸ ਨੂੰ ਇੱਕ ਸਵਰਨ ਯੁੱਗ ਦੀ ਆਮਦ ਕਿਹਾ ਹੈ। ਅਮਰੀਕਾ ਫਸਟ ਦੇ ਨਾਅਰਿਆਂ ਨਾਲ ਆਪਣੀ ਵਿਕਟਰੀ ਰੈਲੀ ਨੂੰ ਸੰਬੋਧਨ ਕਰਦਿਆਂ ਹੋਇਆਂ ਉਨ੍ਹਾਂ ਨੇ ਪੂਰੀ ਦੁਨੀਆ ਦੇ ਮਸਲਿਆਂ ‘ਤੇ ਆਵਾਜ਼ ਬੁਲੰਦ ਕਰਦੇ ਹੋਏ ਕਿਹਾ ਹੈ ਕਿ ਅਮਰੀਕਾ ਹੁਣ ਕਿਸੇ ਤੋਂ ਡਰਨ ਵਾਲਾ ਨਹੀਂ ਹੈ। ਅਮਰੀਕੀ ਮਾਣ ਤੇ ਅਮਰੀਕੀ ਹੱਕਾਂ ਦੀ ਆਵਾਜ਼ ਸਭ ਤੋਂ ਪਹਿਲਾਂ ਹੈ। ਅਮਰੀਕਾ ਵਿੱਚ ਸਭ ਤੋਂ ਪਹਿਲਾਂ ਹੱਕ ਅਮਰੀਕੀਆਂ ਦਾ ਹੋਵੇਗਾ। ਇਨ੍ਹਾਂ ਚੋਣ ਨਤੀਜਿਆਂ ਤੋਂ ਪਹਿਲਾਂ ਸਾਰੇ ਅਨੁਮਾਨ ਜੋ ਬਰਾਬਰ ਦੀ ਟੱਕਰ ਦੇ ਰਹੇ ਸਨ ਉਹ ਸਾਰੇ ਹਵਾ ‘ਚ ਪੱਤਿਆਂ ਵਾਂਗ ਉੱਡ ਗਏ ਅਤੇ ਸਾਰੇ ਅਨੁਮਾਨਾਂ ਨੂੰ ਫੇਲ੍ਹ ਕਰਦਿਆਂ ਹੋਇਆਂ ਡੋਨਾਲਡ ਟਰੰਪ ਨੇ ਆਪਣੀ ਜਿੱਤ ਦਾ ਇੱਕ ਅਜਿਹਾ ਇਤਿਹਾਸ ਰਚਿਆ ਹੈ ਜਿਸ ਦੀ ਕਦੀ ਉਮੀਦ ਵੀ ਨਹੀਂ ਸੀ। ਰਾਸ਼ਟਰਪਤੀ ਪਦ ਲਈ ਰਿਪਬਲਿਕਨ ਪਾਰਟੀ ਦੇ ਨੇਤਾ ਡੋਨਾਲਡ ਟਰੰਪ ਅਤੇ ਡੈਮੋਕਰੇਟਿਕ ਪਾਰਟੀ ਦੀ ਉਨ੍ਹਾਂ ਦੇ ਮੁਕਾਬਲੇ ‘ਚ ਖੜ੍ਹੀ ਕਮਲਾ ਹੈਰਿਸ ਇਨ੍ਹਾਂ ਚੋਣਾਂ ਵਿੱਚ ਪਿੱਛੜ ਗਈ। ਉੱਧਰ ਡੋਨਾਲਡ ਟਰੰਪ ਨੇ 270 ਵੋਟਾਂ ਦਾ ਅੰਕੜਾ ਸਹਿਜੇ ਹੀ ਪਾਰ ਕਰ ਲਿਆ ਹੈ ਅਤੇ ਮਜ਼ੇਦਾਰ ਗੱਲ ਇਹ ਹੈ ਕਿ ਅਮਰੀਕੀ ਚੋਣਾਂ ਦੇ ਨਤੀਜਿਆਂ ਵਿੱਚ ਇਸ ਦੇ ਸਵਿੰਗ ਸਟੇਟ ਵਿੱਚ ਬੇਹੱਦ ਅਹਿਮ ਭੂਮਿਕਾ ਹੈ ਜਿਨ੍ਹਾਂ ਤਿੰਨ ਮਹੱਤਵਪੂਰਨ ਰਾਜਾਂ ਵਿੱਚ ਟਰੰਪ ਨੇ ਵੋਟ ਸਵਿੰਗ ਜਿੱਤ ਨਾਲ ਮੁਕਾਬਲਾ ਆਪਣੇ ਨਾਮ ਕੀਤਾ ਹੈ।

ਅਮਰੀਕਾ ਦੇ ਇਤਿਹਾਸ ਵਿੱਚ ਇਨ੍ਹਾਂ ਚੋਣਾਂ ਨੂੰ ਦੁਨੀਆ ਦੀਆਂ ਸਭ ਤੋਂ ਮਹਿੰਗੀਆਂ ਚੋਣਾਂ ਕਰਾਰ ਦਿੱਤਾ ਗਿਆ। ਸੋਸ਼ਲ ਮੀਡੀਆ ਦਾ ਬੇਹੱਦ ਅਹਿਮ ਭੂਮਿਕਾ ਨਿਭਾਉਣਾ ਵੀ ਟਰੰਪ ਦੀ ਜਿੱਤ ਦਾ ਵੱਡਾ ਕਾਰਨ ਬਣਿਆ ਹੈ। ਸੱਤਾ ਵਿਚ ਵਾਪਸੀ ਕਰਨ ਵਾਲੇ ਰਿਪਬਲਿਕਨ ਟਰੰਪ 47ਵੇਂ ਅਮਰੀਕੀ ਰਾਸ਼ਟਰਪਤੀ ਬਣਨਗੇ। ਦੂਜੇ ਮਹਾਯੁੱਧ ਤੋਂ ਬਾਅਦ ਟਰੰਪ ਇੱਕ ਅਜਿਹੇ ਰਾਸ਼ਟਰਪਤੀ ਬਣੇ ਹਨ, ਜਿਨ੍ਹਾਂ ਨੇ ਦੁਬਾਰਾ ਜਿੱਤ ਹਾਸਿਲ ਕੀਤੀ ਹੈ। ਡੋਨਾਲਡ ਟਰੰਪ ਨੇ ਕਿਹਾ ਹੈ ਕਿ ਇਹ ਚੋਣ ਇੱਕ ਅਜਿਹਾ ਅੰਦੋਲਨ ਸੀ ਜਿਹੜਾ ਕਦੀ ਪਹਿਲੇ ਵੇਖਿਆ ਨਹੀਂ ਗਿਆ। ਮੈਂ ਸੱਚ ਕਹਾਂ ਤਾਂ ਮੇਰਾ ਮੰਨਣਾ ਹੈ ਕਿ ਇਹ ਹੁਣ ਤਕ ਦਾ ਸਭ ਤੋਂ ਵੱਡਾ ਰਾਜਨੀਤਕ ਅਤੇ ਮੀਡੀਆ ਦਾ ਅੰਦੋਲਨ ਸੀ ਤੇ ਇਸ ਦੇਸ਼ ਵਿੱਚ 100 ਸਾਲਾਂ ਦੇ ਬਾਅਦ ਇਸ ਤਰ੍ਹਾਂ ਦਾ ਹੋਇਆ ਹੈ। ? 2016 ਵਿੱਚ ਡੋਨਾਲਡ ਟਰੰਪ ਪਹਿਲੀ ਵਾਰ ਰਾਸ਼ਟਰਪਤੀ ਬਣੇ ਅਤੇ 2020 ਦੀਆਂ ਚੋਣਾਂ ਵਿੱਚ ਉਹ ਜੋਏ ਬਾਈਡਨ ਤੋਂ ਹਾਰ ਗਏ ਸਨ। ਰਾਸ਼ਟਰਪਤੀ ਚੋਣ ਦੇ ਇਸ ਕਾਂਟੇ ਦੇ ਮੁਕਾਬਲੇ ਵਿੱਚ ਕਮਲਾ ਹੈਰਿਸ ਨੂੰ ਹਾਰ ਹੋਈ ਹੈ ਹਾਲਾਂਕਿ ਉਸ ਨੂੰ ਅਫ਼ਰੀਕੀ ਅਤੇ ਏਸ਼ੀਆਈ ਮੂਲ ਦੇ ਦੇਸ਼ਾਂ ਦਾ ਬਹੁਮਤ ਸੀ ਪ੍ਰੰਤੂ ਵੋਟਾਂ ਦੇ ਬਕਸਿਆਂ ਵਿੱਚੋਂ ਅਤੇ ਵੋਟ ਗਿਣਤੀ ਦੀਆਂ ਪਰਚੀਆਂ ਨੇ ਇਸ ਨੂੰ ਗ਼ਲਤ ਸਾਬਿਤ ਕਰ ਦਿੱਤਾ।

ਟਰੰਪ ਦੇ ਇਨ੍ਹਾਂ ਚੋਣ ਨਤੀਜਿਆਂ ਨੇ ਪੂਰੀ ਦੁਨੀਆ ਨੂੰ ਹੈਰਾਨ ਕਰ ਦਿੱਤਾ ਹੈ ਪ੍ਰੰਤੂ ਇਸ ਤਰ੍ਹਾਂ ਦੀ ਕਲੀਨ ਸਵੀਪ ਹੋਏਗੀ ਇਹ ਅਮਰੀਕਾ ਦੇ ਲੋਕਾਂ ਦਾ ਇੱਕ ਤਰ੍ਹਾਂ ਟਰੰਪ ਦੀਆਂ ਨੀਤੀਆਂ ਨੂੰ ਇੱਕ ਵੱਡਾ ਸਮਰੱਥਨ ਦਿੱਤਾ ਲੱਗਦਾ ਹੈ। ਟਰੰਪ ਨੇ ਆਪਣੀ ਪਹਿਲੀ ਵਿਕਟਰੀ ਸਪੀਚ ਵਿੱਚ ਦੁਨੀਆਂ ਦੇ ਸਭ ਤੋਂ ਅਮੀਰ ਐਲਨ ਮਸਕ ਦੀ ਵੀ ਤਾਰੀਫ਼ ਕੀਤੀ। ਕਮਲਾ ਹੈਰਿਸ ਦੀ ਹਾਰ ਦਾ ਇੱਕ ਵੱਡਾ ਕਾਰਨ ਏਸ਼ੀਅਨ ਅਤੇ ਅਫ਼ਰੀਕੀ ਵੋਟਾਂ ਦੀ ਗ਼ੈਰ ਹਾਜ਼ਰੀ ਮੰਨੀ ਜਾਂਦੀ ਹੈ। ਇੱਥੇ ਇਹ ਵੀ ਸੱਚ ਹੈ ਕਿ ਜੇ ਭਾਰਤੀ ਮੂਲ ਦੀ ਕਮਲਾ ਹਿਰਸ ਰਾਸ਼ਟਰਪਤੀ ਬਣ ਜਾਂਦੀ ਤਾਂ ਉਹ ਇਤਿਹਾਸ ਦੇ ਪੰਨਿਆਂ ਵਿੱਚ ਦਾਖ਼ਲ ਹੋ ਜਾਂਦੀ ਪ੍ਰੰਤੂ ਹਾਲੇ ਵੀ ਉਹ ਅਮਰੀਕਾ ਦੀ ਉਪ-ਰਾਸ਼ਟਰਪਤੀ ਤਾਂ ਹੈ। ਉਧਰ ਭਾਰਤੀ ਮੂਲ ਦੇ ਲੋਕਾਂ ਦੀ ਬਹੁ ਗਿਣਤੀ ਵਾਲੇ ਕੈਲੀਫੋਰਨੀਆ ਸਟੇਟ ਵਿੱਚ ਵੀ ਕਮਲਾ ਨੂੰ ਬਹੁਤ ਘੱਟ ਸੀਟਾਂ ਮਿਲੀਆਂ ਹਨ ਅਤੇ ਅਮਰੀਕਾ ਵਿੱਚ ਸਭ ਤੋਂ ਜ਼ਿਆਦਾ ਸੀਟਾਂ ਵਾਲੇ ਸਿਰਫ਼ ਦੋ ਹੀ ਰਾਜ ਹਨ ਜਿਨ੍ਹਾਂ ਵਿੱਚ ਟੈਕਸਸ ਅਤੇ ਕੈਲੀਫੋਰਨੀਆ ਪਹਿਲੇ ਨੰਬਰ ‘ਤੇ ਹੈ ਅਤੇ ਕੈਲੀਫੋਰਨੀਆ ਵਿੱਚ 54 ਤੇ ਟਕਸਸਾਸ ਦੀਆਂ 40 ਸੀਟਾਂ ਕੁੱਲ 94 ਸੀਟਾਂ ਉੱਤੇ ਡੋਨਾਲਡ ਟਰੰਪ ਨੂੰ ਸਿੱਧੀ ਲੀਡ ਮਿਲੀ।

ਮਜ਼ੇਦਾਰ ਗੱਲ ਇਹ ਹੈ ਕਿ ਟਰੰਪ ਦੀ ਜਿੱਤ ਨਾਲ ਪੂਰੀ ਦੁਨੀਆ ਦੇ ਬਾਜ਼ਾਰ ਵਿੱਚ ਤੇਜ਼ੀ ਨਜ਼ਰ ਆਈ ਹੈ ਕਿਉਂਕਿ ਜਪਾਨ, ਚੀਨ ਅਤੇ ਹੋਰਨਾਂ ਦੇਸ਼ਾਂ ਵਿੱਚ ਡਾਲਰ ਬਾਕੀ ਕਰੰਸੀ ਦੀ ਤੁਲਨਾ ਵਿੱਚ ਮਜ਼ਬੂਤ ਰਿਹਾ ਹੈ। ਇੱਥੇ ਇਹ ਵੀ ਸਪਸ਼ਟ ਹੈ ਕਿ ਬੀਬੀਸੀ ਅਤੇ ਦੂਸਰੇ ਚੈਨਲਾਂ ਦੇ ਅਨੁਮਾਨ ਅਨੁਸਾਰ ਡੋਨਾਲਡ ਟਰੰਪ ਦੀ ਜਿੱਤ ਪੂਰੀ ਦੁਨੀਆ ਵਿੱਚ ਆਰਥਿਕ ਪੱਖ ਨੂੰ ਕਮਜ਼ੋਰ ਕਰੇਗੀ ਅਤੇ ਇਸ ਦਾ ਪਹਿਲਾ ਅਸਰ ਏਸ਼ੀਆਈ ਅਤੇ ਲਾਤੀਨੀ ਅਮਰੀਕਾ ਦੇ ਗ਼ਰੀਬ ਦੇਸ਼ਾਂ ‘ਤੇ ਪਏਗਾ। ਭਾਰਤੀਆਂ ਲਈ ਵੀਜ਼ਾ ਦੀ ਕਟੌਤੀ ਇੱਕ ਵੱਡਾ ਮਸਲਾ ਹੋਵੇਗੀ ਜਿਸ ਨਾਲ ਭਾਰਤੀ ਸਮੁਦਾਇ ਦੀਆਂ ਨੌਕਰੀਆਂ ਘੱਟ ਜਾਣਗੀਆਂ। ਹੁਣ ਪੂਰੀ ਦੁਨੀਆਂ ਨੂੰ ਅਮਰੀਕਾ ਵਿਚ ਟਰੰਪ ਦੇ ਪ੍ਰਧਾਨ ਬਣਨ ਨਾਲ ਇੱਕ ਸ਼ਾਂਤੀਪੂਰਨ ਮਾਹੌਲ ਦੀ ਉਮੀਦ ਜਾਗੀ ਹੈ। ਟਰੰਪ ਦੀ ਬੋਲੀ ਵਿੱਚ ਕਹੀਏ ਤਾਂ ਉਨ੍ਹਾਂ ਨੇ ਹਰ ਅਮਰੀਕੀ ਦੇ ਭਵਿੱਖ ਲਈ ਲੜਨ ਦਾ ਫੈਸਲਾ ਕੀਤਾ ਹੈ ਤੇ ਕਿਹਾਂ ਕ ਹਰ ਦਿਨ ਆਪਣੇ ਤੇ ਤੁਹਾਡੇ ਪਰਿਵਾਰ ਲਈ ਲੜਦਾ ਰਵਾਂਗਾ। ਮੇਰੇ ਸਰੀਰ ਦਾ ਹਰ ਸਾਹ ਤੁਹਾਡੇ ਲਈ ਹੈ ਤੇ ਮੈਂ ਉਦੋਂ ਤੱਕ ਆਰਾਮ ਨਹੀਂ ਕਰਾਂਗਾ ਜਦੋਂ ਤੱਕ ਮਜ਼ਬੂਤ ਸੁਰੱਖਿਅਤ ਤੇ ਭਾਗਾਂ ਭਰਿਆ ਅਮਰੀਕਾ ਤੁਹਾਨੂੰ ਨਾ ਦੇ ਸਕਾਂ। ਭਾਰਤ ਨਾਲ ਆਪਣੇ ਸਬੰਧਾਂ ਦਾ ਜ਼ਿਕਰ ਕਰਦਿਆਂ ਹੋਇਆ ਟਰੰਪ ਨੇ ਕਿਹਾ ਹੈ ਕਿ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਬਹੁਤ ਕਦਰ ਕਰਦੇ ਹਨ ਅਤੇ ਭਾਰਤ ਦੀ ਸ਼ਕਤੀ ਨੂੰ ਅੱਗੇ ਵਧਾਉਣ ਵਿੱਚ ਉਹ ਕੰਮ ਕਰਨਗੇ ਅਤੇ ਦੋਵਾਂ ਦੇਸ਼ਾਂ ਵਿੱਚ ਮਜ਼ਬੂਤ ਰਿਸ਼ਤੇ ਹੋਣਗੇ। ਪੂਰਬ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਏਸ਼ੀਆਈ ਨੀਤੀ ਅਤੇ ਵਿਸ਼ੇਸ਼ ਕਰ ਭਾਰਤ ਦੇ ਸਬੰਧਾਂ ਵਿੱਚ ਭਾਰਤੀ ਡਾਇਸਪੋਰਾ ਅਤੇ ਪ੍ਰਧਾਨ ਮੰਤਰੀ ਮੋਦੀ ਨਾਲ ਉਨ੍ਹਾਂ ਦੇ ਨਿੱਜੀ ਸਬੰਧ ਬੇਹਦ ਅਸਰਦਾਇਕ ਹਨ।

20 ਜਨਵਰੀ ਨੂੰ ਵ੍ਹਾਈਟ ਹਾਊਸ ਵਿੱਚ ਸਹੁੰ ਚੁੱਕ ਸਮਾਗਮ ਹੋਏਗਾ ਅਤੇ ਉਸ ਵਿੱਚ ਦੁਨੀਆ ਭਰ ਦੇ ਪ੍ਰਸਿੱਧ ਅਤੇ



ਰਾਜਨੀਤਿਕ ਪ੍ਰਤੀਨਿਧ ਸ਼ਾਮਿਲ ਹੋਣ ਦੀ ਉਮੀਦ ਹੈ। ? ਅਮਰੀਕਾ ਦੁਨੀਆ ਦਾ ਸਭ ਤੋਂ ਪੁਰਾਣਾ ਲੋਕਰਾਜੀ ਸ਼ਕਤੀਸ਼ਾਲੀ ਦੇਸ਼ ਹੈ ਜਿਸ ਦੀ ਧਮਕ ਪੂਰੀ ਦੁਨੀਆ ‘ਚ ਗੂੰਜਦੀ ਹੈ। ਇਬਰਿਹਮ ਲਿੰਕਨ ਨੇ ਜਿਸ ਪਰੰਪਰਾ ਨੂੰ ਅੱਗੇ ਵਧਾਇਆ ਸੀ ਐਨੀਆਂ ਸ਼ਤਾਬਦੀਆਂ ਤੋਂ ਬਾਅਦ ਵੀ ਅਮਰੀਕੀ ਲੋਕਤੰਤਰ ਆਮ ਆਦਮੀ ਦੇ ਅਧਿਕਾਰਾਂ ਦੀ ਸੁਰੱਖਿਆ ਕਰਨ ਵਿੱਚ ਅਤੇ ਆਮ ਆਦਮੀ ਨੂੰ ਇੱਕ ਚੰਗੀ ਜ਼ਿੰਦਗੀ ਜਿਹਦੇ ਵਿੱਚ ਸਿਹਤ ਵਿਗਿਆਨ ਵਿਦਿਆ ਅਤੇ ਇੱਕ ਛੱਤ ਮੁਹਈਆਂ ਕਰਨ ਦੀ ਗੱਲ ਹੈ, ਅਮਰੀਕਾ ਦੁਨੀਆ ‘ਚ ਸਭ ਤੋਂ ਅੱਗੇ ਹੈ। ਇਹ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਟਰੰਪ ਦੀ ਜਿੱਤ ਯੂਕਰੇਨ ਅਤੇ ਇਜ਼ਰਾਇਲ ਦੇ ਨਾਲ-ਨਾਲ ਮੱਧ ਪੂਰਬ ਏਸ਼ੀਆ ਵਿੱਚ ਈਰਾਨ ਦੇ ਨਾਲ ਸਬੰਧਾਂ ਵਿੱਚ ਕਿਸ ਤਰ੍ਹਾਂ ਨਿਮਰਤਾ ਪੂਰਵਕ ਅਤੇ ਸ਼ਾਂਤੀ ਦਾ ਅਕਸ ਦਿਖਾਵੇਗੀ। ਪ੍ਰੰਤੂ ਇਹ ਸੱਚ ਹੈ ਕਿ ਡੋਨਾਲਡ ਟਰੰਪ, ਜੋਇ ਬਾਇਡਨ ਦੀ ਤਰ੍ਹਾਂ ਸੁਸਤ ਨਹੀਂ ਹੋਣਗੇ। ਉਹ ਤੁਰੰਤ ਫ਼ੈਸਲਾ ਲੈਣ ਵਾਲੇ ਵੱਡੇ ਰਾਜਨੀਤਕ ਤੇ ਤਾਕਤਵਰ ਦੇਸ਼ ਦੇ ਰਾਸ਼ਟਰਪਤੀ ਹਨ ਜਿਨ੍ਹਾਂ ਦੀ ਕਹਿਣੀ ਅਤੇ ਕਰਨੀ ਨਾਲ ਦੁਨੀਆਂ ਦੀ ਸੱਤਾ ਹਿੱਲ ਜਾਂਦੀ ਹੈ। ਟਰੰਪ ਨੇ ਇੱਕ ਇਤਿਹਾਸ ਰਚਿਆ ਹੈ ਅਤੇ ਰਾਜਨੀਤਕ ਪਾਰੀ ਵਿੱਚ ਆਪਣਾ ਨਾਂ ਉਨ੍ਹਾਂ ਰਾਜਨੀਤਕ ਰਣਨੀਤੀਕਾਰ ਰਾਸ਼ਟਰਪਤੀਆਂ ਦੀ ਲਿਸਟ ਵਿੱਚ ਲਿਖਵਾ ਦਿੱਤਾ ਹੈ ਜਿਨ੍ਹਾਂ ਨੇ ਇਕ ਸ਼ਤਾਬਦੀ ਦਾ ਪੂਰਾ ਇਤਿਹਾਸ ਬਦਲ ਦਿੱਤਾ ਕਿਉਂਕਿ ਸਾਰੇ ਅਨੁਮਾਨਾਂ ਨੂੰ ਜਾਂ ਫੇਰ ਕਲੀਨ ਸਵੀਪ ਕਰਦਿਆਂ ਹੋਇਆਂ ਡੋਨਾਲਡ ਟਰੰਪ 47ਵੇਂ ਰਾਸ਼ਟਰਪਤੀ ਬਣ ਗਏ ਹਨ।

24 ਲੱਖ ਤੋਂ ਜ਼ਿਆਦਾ ਭਾਰਤੀ ਅਮਰੀਕਾ ਵਿੱਚ ਰਹਿੰਦੇ ਹਨ। ਅਮਰੀਕਾ ਦੀਆਂ ਵੱਡੀਆਂ ਕੰਪਨੀਆਂ ਵਿੱਚ ਕਈ ਪੋਸਟਾਂ ‘ਤੇ ਭਾਰਤੀ ਸੀਈਓ ਅਤੇ ਮੈਡੀਕਲ ਸਾਇੰਸ ਵਿੱਚ ਭਾਰਤੀ ਡਾਕਟਰਾਂ ਦੀ ਇੱਕ ਵੱਡੀ ਬਹੁਗਿਣਤੀ ਹੈ। ਪੰਜਾਬੀ ਲੋਕਾਂ ਦਾ ਦਬਦਬਾ ਉੱਥੇ ਵੀ ਐਨਾ ਹੈ ਕਿ ਟਰੰਪ ਦੇ ਫੰਡ ਰੇਜ਼ਿੰਗ ਫੰਕਸ਼ਨਾਂ ਵਿੱਚ ਬੇਹੱਦ ਪੰਜਾਬੀ ਦੇਖੇ ਗਏ ਅਤੇ ਬਹੁਤ ਸਾਰੇ ਪੰਜਾਬੀ ਉਦਯੋਗਪਤੀ ਅਜਿਹੇ ਵੀ ਹਨ ਜੋ ਟਰੰਪ ਦੀ ਪਾਰਟੀ ਦੇ ਬਹੁਤ ਨਜ਼ਦੀਕੀ ਅਤੇ ਉਨ੍ਹਾਂ ਦੇ ਦੋਸਤਾਂ ‘ਚ ਵੀ ਸ਼ਾਮਿਲ ਹਨ। ਉਨ੍ਹਾਂ ਵਿੱਚ ਅਰਬਪਤੀਆਂ ਦੀ ਕਲੱਬ ਅਮਰੀਕਾ ਦੀ ਸੱਤਾ ਨੂੰ ਸਿੱਧੇ ਪ੍ਰਭਾਵਿਤ ਕਰਦੀ ਹੈ।